ਜਿਲਦ: 7, ਅੰਕ: 10

ਨਿਊ ਇੰਡੀਆ ਸਮਾਚਾਰ

16 - 30 ਨਵੰਬਰ, 2026 (ਮੁਫ਼ਤ)



12ਵਾਂ ਸੰਵਿਧਾਨ ਦਿਵਸ

ਯਾਦਗਾਰੀ ਤੋਂ ਉਤਸਵ ਤੱਕ

26 ਨਵੰਬਰ ਦੀ ਮਿਤੀ ਜੋ ਕਦੇ ਇਤਿਹਾਸ ਵਿੱਚ ਗੁੰਮ ਗਈ ਸੀ, ਉਹ ਅੱਜ ਜਨ-ਜਨ ਦਾ ਉਤਸਵ ਹੈ। 12ਵੇਂ ਸੰਵਿਧਾਨ ਦਿਵਸ 'ਤੇ 77 ਵਰ੍ਹਿਆਂ ਦੀ ਯਾਤਰਾ, ਗਵਾਹ ਹੈ ਕਿ 'ਵੀ ਦ ਪੀਪੁਲ' ਹੁਣ ਸਿਰਫ਼ ਵਾਕਾਂਸ਼ ਦੇ ਸ਼ਬਦ ਨਹੀਂ ਰਹੇ, ਸਗੋਂ ਨਿਆਂ, ਸਮਾਨਤਾ ਅਤੇ ਆਤਮਨਿਰਭਰਤਾ ਦੇ ਰੂਪ ਵਿੱਚ 140 ਕਰੋੜ ਭਾਰਤੀਆਂ ਦੇ ਜੀਵਨ ਵਿੱਚ ਬਣ ਗਏ ਹਨ ਸਾਕਾਰ ਸੰਕਲਪ...



ਮਨ ਕੀ ਬਾਤ
ਲੋਕ-ਸ਼ਕਤੀ ਨੂੰ ਨਮਨ

ਵਿਜੈਦਸ਼ਮੀ ਦੇ ਪਾਵਨ ਮੌਕੇ 'ਤੇ 12 ਵਰ੍ਹੇ ਪਹਿਲਾਂ 'ਮਨ ਕੀ ਬਾਤ' ਦੀ ਸ਼ੁਰੂਆਤ ਹੋਈ ਸੀ ਅਤੇ ਤਦ ਤੋਂ ਇਹ ਯਾਤਰਾ ਲਗਾਤਾਰ ਜਾਰੀ ਹੈ। ਇਸ ਯਾਤਰਾ ਦੇ ਸਹਿਯਾਤਰੀ ਵੀ ਅਤੇ ਮਾਰਗ ਦਰਸ਼ਕ ਵੀ ਦੇਸ਼ਵਾਸੀ ਹੀ ਹਨ। 'ਮਨ ਕੀ ਬਾਤ' ਦੇਸ਼ ਦੇ ਆਮ ਨਾਗਰਿਕਾਂ ਦੀ ਸਖ਼ਤ ਮਿਹਨਤ, ਬਹਾਦਰੀ, ਵਚਨਬੱਧਤਾ, ਸਮਰਪਣ ਅਤੇ ਸੇਵਾਭਾਵ ਦੇ ਜਸ਼ਨ ਦਾ ਸ਼ੁਭ ਮੌਕਾ ਹੈ। 25 ਅਕਤੂਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਮੇਰੇ ਲਈ 'ਮਨ ਕੀ ਬਾਤ' ਪ੍ਰੋਗਰਾਮ ਦੇਸ਼ ਦੇ ਲੋਕਾਂ ਦੇ ਯਤਨਾਂ ਨੂੰ ਨੇੜੇ ਤੋਂ ਜਾਣਨ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਨਮਨ ਕਰਨ ਦੀ ਹੈ ਇੱਕ ਤੀਰਥ ਯਾਤਰਾ...

- **ਅਣਗਿਣਤ ਪ੍ਰੇਰਕ ਕਹਾਣੀਆਂ:** 12 ਵਰ੍ਹਿਆਂ ਵਿੱਚ ਦੇਸ਼ ਦੇ ਹਰ ਕੋਨੇ ਤੋਂ ਅਜਿਹੇ ਕਈ ਲੋਕ ਸਾਹਮਣੇ ਆਏ ਹਨ ਜਿਨ੍ਹਾਂ ਦੇ ਅਸਧਾਰਨ ਕਾਰਜਾਂ ਵੱਲ ਸਧਾਰਨ ਤੌਰ 'ਤੇ ਸਮਾਜ ਦਾ ਧਿਆਨ ਨਹੀਂ ਜਾਂਦਾ। 'ਮਨ ਕੀ ਬਾਤ' ਨੇ ਅਜਿਹੀਆਂ ਅਣਗਿਣਤ ਪ੍ਰੇਰਕ ਕਹਾਣੀਆਂ ਨੂੰ ਆਪ ਸਭ ਦੇ ਸਾਹਮਣੇ ਲਿਆਉਣ ਦਾ ਕੰਮ ਕੀਤਾ ਹੈ।
- **ਲੋਕ-ਸ਼ਕਤੀ ਨੂੰ ਨਮਨ:** ਮੈਂ ਇਸ ਪ੍ਰੋਗਰਾਮ ਰਾਹੀਂ ਇੱਕ ਤਰ੍ਹਾਂ ਨਾਲ ਦੇਸ਼ ਦੀ ਲੋਕ-ਸ਼ਕਤੀ ਨੂੰ ਨਮਨ ਕਰਦਾ ਹਾਂ। ਮੈਨੂੰ ਇਸ ਰਾਹੀਂ ਦੇਸ਼ ਦੇ ਹਰ ਪਰਿਵਾਰ ਨਾਲ ਜੁੜਨ ਦਾ ਮੌਕਾ ਮਿਲਦਾ ਹੈ।
- **ਖੇਤੀ ਵਿਰਾਸਤ ਮਿਸ਼ਨ:** ਪੰਜਾਬ ਵਿੱਚ ਇੱਕ ਯਤਨ ਬਹੁਤ ਸਮੇਂ ਤੋਂ ਚਲ ਰਿਹਾ ਹੈ। ਇੱਥੇ 'ਖੇਤੀ ਵਿਰਾਸਤ ਮਿਸ਼ਨ' ਨਾਂ ਦੀ ਇੱਕ ਸੰਸਥਾ ਨੇ ਜੈਵਿਕ ਖੇਤੀ ਅਤੇ ਰਵਾਇਤੀ ਖੇਤੀ ਦੇ ਤੌਰ-ਤਰੀਕਿਆਂ ਨੂੰ ਨਵਾਂ ਜੀਵਨ ਦੇਣਾ ਸ਼ੁਰੂ ਕੀਤਾ।
- **ਨਵਾਂ ਜੀਵਨ:** ਸਾਡੇ ਇੱਥੇ ਕੁਦਰਤ ਦੇ ਪ੍ਰਤੀ ਸਨਮਾਨ ਦੀ ਬਹੁਤ ਪੁਰਾਣੀ ਪਰੰਪਰਾ ਰਹੀ ਹੈ। ਉੱਤਰਾਖੰਡ ਦੇ ਟਿਹਰੀ ਗੜ੍ਹਵਾਲ ਵਿੱਚ ਲੋਕਾਂ ਨੇ ਮਿਲ ਕੇ ਇੱਕ ਨਦੀ ਨੂੰ ਨਵਾਂ ਜੀਵਨ ਦੇਣ ਦਾ ਯਤਨ ਕੀਤਾ। ਇਹ ਨਦੀ ਹੈ 'ਹੈਵਲ' ਜਿਸ ਵਿੱਚ ਕੁਝ ਦਿਨ ਪਹਿਲਾਂ ਪਾਣੀ ਘੱਟ ਹੋਣ ਲਗਿਆ ਸੀ, ਆਲੇ-ਦੁਆਲੇ ਦੇ ਜਲ ਸੋਰਤ ਸੁੱਕ ਰਹੇ ਸਨ। ਲੋਕਾਂ ਨੇ ਮਿਲ ਕੇ ਮੀਂਹ ਦਾ ਪਾਣੀ ਰੋਕਣ ਦੇ ਉਪਾਅ ਕੀਤੇ, ਵੱਡੀ ਗਿਣਤੀ ਵਿੱਚ ਪੌਦੇ ਲਗਾਏ। ਅੱਜ ਨਦੀ ਨੂੰ ਜੀਵਨਦਾਨ ਮਿਲਿਆ ਹੈ। ਨਾਲ ਹੀ ਦਰਜਨਾਂ ਕੁਦਰਤੀ ਜਲ-ਸਰੋਤਾਂ ਦੇ ਪੁਨਰ-ਜੀਵਨ ਵਿੱਚ ਵੀ ਮਦਦ ਮਿਲੀ ਹੈ।
- **ਵੋਕਲ ਫਾਰ ਲੋਕਲ:** ਤਿਉਹਾਰਾਂ ਦੇ ਮੌਸਮ ਵਿੱਚ ਸਾਰਿਆਂ ਨੇ ਆਪਣੇ ਆਲੇ-ਦੁਆਲੇ ਇੱਕ ਬਦਲਾਅ ਜ਼ਰੂਰ ਮਹਿਸੂਸ ਕੀਤਾ ਹੋਵੇਗਾ। ਹੁਣ ਲੋਕ ਖਰੀਦਾਰੀ ਕਰਦੇ ਸਮੇਂ ਸਵਦੇਸ਼ੀ ਉਤਪਾਦਾਂ ਨੂੰ ਬਹੁਤ ਮਹੱਤਵ ਦੇਣ ਲਗੇ ਹਨ। 'ਵੋਕਲ ਫਾਰ ਲੋਕਲ' ਦੀ ਇਹ ਭਾਵਨਾ ਹੁਣ ਸਾਡੇ ਉਤਪਾਦਾਂ ਨੂੰ ਦੁਨੀਆ ਦੇ ਬਜ਼ਾਰਾਂ ਤੱਕ ਪਹੁੰਚਾ ਰਹੀ ਹੈ।
- **ਖਾਦੀ ਅਤੇ ਗ੍ਰਾਮ ਉਦਯੋਗ:** ਇਸ ਵਾਰ ਗਾਂਧੀ ਜਯੰਤੀ 'ਤੇ ਸਿਰਫ਼ ਇੱਕ ਦਿਨ ਵਿੱਚ ਖਾਦੀ ਅਤੇ ਗ੍ਰਾਮ ਉਦਯੋਗ ਦੇ ਉਤਪਾਦਾਂ ਦੀ ਵਿਕਰੀ 28 ਕਰੋੜ ਰੁਪਏ ਤੋਂ ਵੱਧ ਦੀ ਰਹੀ। ਇਹ ਪਿਛਲੇ ਵਰ੍ਹੇ ਤੋਂ ਵੀ ਡੇਢ ਕਰੋੜ ਰੁਪਏ ਜ਼ਿਆਦਾ ਹੈ। ਭਾਵ ਖਾਦੀ ਦੀ ਪ੍ਰਸਿੱਧੀ ਲਗਾਤਾਰ ਵਧਦੀ ਜਾ ਰਹੀ ਹੈ।
- **ਦੇਸ਼ਵਾਸੀਆਂ ਦਾ ਵਿਸ਼ਵਾਸ:** 'ਈ-ਸੰਜੀਵਨੀ ਯੋਜਨਾ' ਦੇ ਜ਼ਰੀਏ ਹੁਣ ਤੱਕ ਲਗਭਗ 50 ਕਰੋੜ ਟੈਲੀ-ਕੰਸਲਟੇਸ਼ਨ ਕੀਤੇ ਜਾ ਚੁੱਕੇ ਹਨ। ਤਕਨਾਲੋਜੀ ਦੀ ਤਾਕਤ, ਸਾਡੇ ਡਾਕਟਰਾਂ ਦੇ ਸੇਵਾਭਾਵ ਅਤੇ ਦੇਸ਼ਵਾਸੀਆਂ ਦੇ ਵਿਸ਼ਵਾਸ ਦੀ ਇੱਕ ਬਿਹਤਰੀਨ ਉਦਾਹਰਣ ਹੈ।
- **ਆਯੁਸ਼ਮਾਨ ਆਰੋਗਯ ਮੰਦਿਰ:** ਅੱਜ ਦੇਸ਼ ਭਰ ਵਿੱਚ ਲਗਭਗ 1 ਲੱਖ 90 ਹਜ਼ਾਰ ਆਯੁਸ਼ਮਾਨ ਆਰੋਗਯ ਮੰਦਿਰ ਲੋਕਾਂ ਦੇ ਜੀਵਨ ਵਿੱਚ ਨਵੀਆਂ-ਨਵੀਆਂ ਸੁਵਿਧਾਵਾਂ ਲੈ ਕੇ ਆਏ ਹਨ। ਇਹ ਆਰੋਗਯ ਮੰਦਿਰ ਇੱਕ ਤਰ੍ਹਾਂ ਨਾਲ, ਪੰਚਾਇਤਾਂ ਦੇ ਵੈਲਨੈੱਸ ਸੈਂਟਰ ਦੇ ਰੂਪ ਵਿੱਚ ਵਿਕਸਿਤ ਹੋ ਰਹੇ ਹਨ।
- **ਅਸਧਾਰਨ ਕਾਰਜ:** ਸਾਡੇ ਨੌਜਵਾਨ ਅੱਜ ਅਜਿਹੇ ਵਿਸ਼ਿਆਂ 'ਤੇ ਵੀ ਕੰਮ ਕਰ ਰਹੇ ਹਨ ਜੋ ਪੂਰੀ ਮਨੁੱਖਤਾ ਦਾ ਭਵਿੱਖ ਬਦਲ ਸਕਦੇ ਹਨ। ਅਜਿਹੀ ਹੀ ਇੱਕ ਫੀਲਡ ਹੈ ਬ੍ਰੇਨ ਰਿਸਰਚ। ਇਸੇ ਨਾਲ ਜੁੜੇ, 'ਸੁਧਾ ਗੋਪਾਲ ਕ੍ਰਿਸ਼ਣਨ ਬ੍ਰੇਨ ਸੈਂਟਰ' ਦਾ ਮੈਂ ਆਈਆਈਟੀ ਮਦਰਾਸ ਵਿੱਚ ਉਦਘਾਟਨ ਕੀਤਾ ਸੀ। ਇਸ ਸੈਂਟਰ ਨੇ ਇੱਕ ਬ੍ਰੇਨ ਇਮੇਜਿੰਗ ਤਕਨਾਲੋਜੀ ਪਲੈਟਫਾਰਮ ਬਣਾਇਆ ਹੈ। ਇਹ ਦੁਨੀਆ ਵਿੱਚ ਆਪਣੀ ਕਿਸਮ ਦਾ ਪਹਿਲਾ ਮਿਸ਼ਨ ਹੈ।
- **ਮਹਾਰਿਸ਼ੀ ਵਾਲਮਿਕੀ:** ਹਜ਼ਾਰਾਂ ਵਰ੍ਹੇ ਬੀਤ ਗਏ ਪਰ ਮਹਾਰਿਸ਼ੀ ਵਾਲਮਿਕੀ ਦੀ ਰਾਮਾਇਣ ਅੱਜ ਵੀ ਸਾਨੂੰ ਕੁਝ ਨਵਾਂ ਸਿਖਾਉਂਦੀ ਹੈ। ਉਨ੍ਹਾਂ ਨੇ ਸਾਨੂੰ ਜੀਵਨ ਦੀ ਡੂੰਘੀ ਸਿੱਖਿਆ ਦਿੱਤੀ ਹੈ। ਉਹ ਸਾਨੂੰ ਲਗਾਤਾਰ ਯਤਨ ਕਰਦੇ ਰਹਿਣ ਅਤੇ ਸੇਵਾ, ਹਮਦਰਦੀ ਅਤੇ ਸਮਾਜਿਕ ਸਦਭਾਵਨਾ ਦਾ ਮਹੱਤਵ ਸਮਝਾਉਂਦੇ ਹਨ।
- **ਅਯੋਧਿਆ ਵਿੱਚ ਮੰਦਿਰ:** ਅਯੋਧਿਆ ਵਿੱਚ ਮਹਾਰਿਸ਼ੀ ਵਾਲਮਿਕੀ, ਨਿਸ਼ਾਦਰਾਜ ਅਤੇ ਮਾਤਾ ਸ਼ਬਰੀ ਦੇ ਮੰਦਿਰ ਵੀ ਬਣਾਏ ਗਏ ਹਨ। ਮੈਨੂੰ ਸੰਤੋਸ਼ ਹੈ ਕਿ ਅਯੋਧਿਆ ਵਿੱਚ ਏਅਰਪੋਰਟ ਦਾ ਨਾਂ ਵੀ ਮਹਾਰਿਸ਼ੀ ਵਾਲਮਿਕੀ ਦੇ ਨਾਂ 'ਤੇ ਹੀ ਰੱਖਿਆ ਗਿਆ ਹੈ।

'ਮਨ ਕੀ ਬਾਤ' ਪੂਰੀ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਨਿਊ ਇੰਡੀਆ
ਸਮਾਚਾਰ

ਜਿਲਦ: 7, ਅੰਕ 10 | 16 - 30 ਨਵੰਬਰ, 2026

ਐਡੀਟਰ ਇਨ ਚੀਫ਼ :

ਧੀਰੇਂਦਰ ਓਝਾ

ਪ੍ਰਿੰਸੀਪਲ ਡਾਇਰੈਕਟਰ ਜਨਰਲ,

ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ

ਸੰਤੋਸ਼ ਕੁਮਾਰ

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ

ਪਵਨ ਕੁਮਾਰ

ਸਹਾਇਕ ਸਲਾਹਕਾਰ ਸੰਪਾਦਕ

ਅਖਿਲੇਸ਼ ਕੁਮਾਰ

ਚੰਦਨ ਕੁਮਾਰ ਚੌਧਰੀ

ਭਾਸ਼ਾ ਸੰਪਾਦਨ

ਸੁਮਿਤ ਕੁਮਾਰ (ਅੰਗ੍ਰੇਜ਼ੀ),

ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)

ਨਦੀਮ ਅਹਿਮਦ (ਉਰਦੂ),

ਅਹਿਮਦ ਖਾਨ (ਪੰਜਾਬੀ)

ਸੀਨੀਅਰ ਡਿਜ਼ਾਈਨਰ

ਫੂਲ ਚੰਦ ਤਿਵਾਰੀ

ਡਿਜ਼ਾਈਨਰ

ਅਭੈ ਗੁਪਤਾ

ਸਤਯਮ ਸਿੰਘ



13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ।

https://newindiasamachar.pib.gov.in/news.aspx

ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ

https://newindiasamachar.pib.gov.in/archive.aspx

ਨਿਊ ਇੰਡੀਆ ਸਮਾਚਾਰ ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ: @NISPIBIndia

ਅੰਦਰਲੇ ਪੰਨਿਆਂ ਉੱਤੇ...

ਜਦੋਂ 'ਵੀ ਦ ਪੀਪੁਲ' ਬਣਿਆ ਜਨ-ਜਨ ਦਾ ਉਤਸਵ

12ਵਾਂ ਸੰਵਿਧਾਨ ਦਿਵਸ ਵਿਸ਼ੇਸ਼

ਕਵਰ ਸਟੋਰੀ



ਦੇਸ਼ ਦੀ ਆਬਾਦੀ ਮੁਸ਼ਕਲ ਨਾਲ 36 ਕਰੋੜ ਸੀ, ਸੰਸਾਧਨ ਸੀਮਤ ਸਨ ਅਤੇ ਚੁਣੌਤੀਆਂ ਅਨੰਤ... ਫਿਰ ਵੀ ਸੰਵਿਧਾਨ ਸਭਾ ਨੇ ਆਪਣੀ ਅਣਥੱਕ ਮਿਹਨਤ ਨਾਲ 26 ਨਵੰਬਰ 1949 ਨੂੰ ਅਮਰ ਦਸਤਾਵੇਜ਼ ਰਾਸ਼ਟਰ ਨੂੰ ਸੌਂਪਿਆ। ਸ਼ਾਇਦ ਹੀ ਕਿਸੇ ਨੇ ਤਦ ਸੋਚਿਆ ਹੋਵੇਗਾ ਕਿ ਇਹ ਇਤਿਹਾਸਕ ਮਿਤੀ ਖੁਦ ਇਤਿਹਾਸ ਦੇ ਪੰਨਿਆਂ ਵਿੱਚ ਕਿਤੇ ਗੁੰਮ ਹੋ ਜਾਵੇਗੀ। ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਰ੍ਹੇ 2015 ਵਿੱਚ ਇਸ ਗੁੰਮ ਹੋਈ ਮਿਤੀ ਨੂੰ ਮੁੜ-ਸੁਰਜੀਤ ਕਰਕੇ ਸੰਵਿਧਾਨ ਦਿਵਸ ਨੂੰ ਸਚਮੁੱਚ ਬਣਾ ਦਿੱਤਾ ਜਨ-ਜਨ ਦਾ ਉਤਸਵ..... |10-25

ਰਾਸ਼ਟਰੀ ਏਕਤਾ ਦਿਵਸ



ਸਰਦਾਰ ਪਟੇਲ ਦੀ 151ਵੀਂ ਜਯੰਤੀ 'ਤੇ ਪੀਐੱਮ ਮੋਦੀ ਨੇ ਕਿਹਾ ਕਿ ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਸਰਦਾਰ ਸਾਹੇਬ ਦੀ ਭੂਮਿਕਾ ਰਹੀ ਇਤਿਹਾਸਕ |8-9

ਸਮਾਚਾਰ ਸਾਰ |4-5

ਸ਼ਖਸੀਅਤ: ਜਗਦੀਸ਼ ਚੰਦ੍ਰ ਬੋਸ
ਜਿਨ੍ਹਾਂ ਨੇ ਸਿੱਧ ਕੀਤਾ... ਪੌਦਿਆਂ ਵਿੱਚ ਵੀ ਹੁੰਦੀ ਹੈ ਜਾਨ |6

ਮਜ਼ਬੂਤ ਹੁੰਦੀ ਆਲਮੀ ਸਾਂਝੇਦਾਰੀ
ਮੁੰਬਈ ਵਿੱਚ ਇੰਡੀਆ ਕੇਮ 2026 ਦੇ 14ਵੇਂ ਸੰਸਕਰਣ ਦਾ ਆਯੋਜਨ |7

ਪੀਐੱਮ ਵਿਕਸਿਤ ਗ੍ਰਾਮ ਸਵਰਾਜ ਅਤੇ ਕੰਟੇਨਰ ਮੈਨੂਫੈਕਚਰਿੰਗ ਪ੍ਰਮੋਸ਼ਨ ਨੂੰ ਮਨਜ਼ੂਰੀ
ਕੇਂਦਰੀ ਕੈਬਨਿਟ ਦੀ ਮੀਟਿੰਗ ਵਿੱਚ ਲਏ ਗਏ ਮਹੱਤਵਪੂਰਨ ਫ਼ੈਸਲੇ |28-29

ਸਥਿਰਤਾ... ਮੌਕਾ... ਭਵਿੱਖ ਦੇ ਲਈ ਉਮੀਦ ਦੀ ਨੀਂਹ
ਪੀਐੱਮ ਆਵਾਸ-ਗ੍ਰਾਮੀਣ ਯੋਜਨਾ ਦੇ 10 ਵਰ੍ਹੇ |30-31

ਸੁਰੱਖਿਆ ਅਤੇ ਗਵਰਨੈਂਸ: ਸੁਸ਼ਾਸਨ ਤੋਂ ਸੰਤੁਲਿਤ ਵਿਕਾਸ
ਆਰਬੀਆਈ ਦੇ ਡੇਟਾ ਸੈਂਟਰ ਅਤੇ ਸਾਇਬਰ ਸਕਿਓਰਿਟੀ ਟ੍ਰੇਨਿੰਗ ਇੰਸਟੀਟਿਊਟ ਦਾ ਉਦਘਾਟਨ |32-33

ਭਾਰਤ ਦੀ ਸਮਰੱਥਾ ਨਾਲ ਵਧੇਗੀ ਵਿਸ਼ਵ ਦੀ ਸਮਰੱਥਾ
ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਐੱਨਡੀਟੀਵੀ ਵਰਲਡ ਸਮਿਟ-2026 ਨੂੰ ਕੀਤਾ ਸੰਬੋਧਨ |34-35

ਵਿਕਸਿਤ ਭਾਰਤ ਦਾ ਅਧਾਰ, ਵਿਗਿਆਨਕ ਖੋਜ ਅਤੇ ਇਨੋਵੇਸ਼ਨ
ਪੀਐੱਮ ਮੋਦੀ ਨੇ ਵਿਗਿਆਨ-ਨਵੀਨਤਾ ਸੰਮੇਲਨ ਦਾ ਕੀਤਾ ਉਦਘਾਟਨ |36-37

2029 ਤੱਕ ਨਿਰਮਲ ਬਣੇਗੀ ਯਮੁਨਾ
ਦਿੱਲੀ ਵਿੱਚ ਯਮੁਨਾ ਦੀ ਬਹਾਲੀ ਨਾਲ ਜੁੜੇ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ |38-39

ਸੌਰ ਊਰਜਾ ਦੇ ਆਲਮੀ ਵਿਸਤਾਰ ਦੀ ਕਿਰਣ
ਅੰਤਰਰਾਸ਼ਟਰੀ ਸੌਰ ਗਠਬੰਧਨ ਦੇ 11 ਵਰ੍ਹੇ |40-41

ਹਵਾਈ ਸੈਨਾ ਦੀ ਬਹਾਦਰੀ ਦਾ ਪ੍ਰਦਰਸ਼ਨ
ਨਮੋ ਘਾਟ 'ਤੇ ਪੀਐੱਮ ਮੋਦੀ ਹਵਾਈ ਸੈਨਾ ਦਿਵਸ 'ਤੇ ਪ੍ਰੋਗਰਾਮ ਵਿੱਚ ਹੋਏ ਸ਼ਾਮਲ |42

ਵਿਜੈਦਸ਼ਮੀ



ਪੂਰੀ ਹੋਵੇਗੀ 'ਰਾਮ ਸੇ ਰਾਸ਼ਟਰ' ਅਤੇ 'ਦੇਵ ਸੇ ਦੇਸ਼' ਦੀ ਕਲਪਨਾ

ਵਿਜੈਦਸ਼ਮੀ 'ਤੇ ਪੀਐੱਮ ਮੋਦੀ ਨੇ ਦੇਸ਼ਵਾਸੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਅਯੋਧਿਆ ਵਿੱਚ ਪ੍ਰਾਣ ਪ੍ਰਤਿਸ਼ਠਾ ਦੇ ਸਮੇਂ ਲਿਆ 'ਰਾਮ ਸੇ ਰਾਸ਼ਟਰ' ਅਤੇ 'ਦੇਵ ਸੇ ਦੇਸ਼' ਦਾ ਸੰਕਲਪ ਅਸੀਂ ਸਾਰੇ ਮਿਲ ਕੇ ਜ਼ਰੂਰ ਕਰਾਂਗੇ ਪੂਰਾ... |26-27

ਪ੍ਰਕਾਸ਼ਕ ਅਤੇ ਪ੍ਰਿੰਟਰ: ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ –responsenis@pib.gov.in ਆਰ.ਐੱਨ.ਆਈ. ਨੰਬਰ DELPUN/2020/78808**

ਸੰਪਾਦਕ ਦੀ ਕਲਮ ਤੋਂ...

ਅਸੀਂ ਭਾਰਤ ਦੇ ਲੋਕ

ਸੰਵਿਧਾਨ ਦੀ ਸ਼ਕਤੀ, ਰਾਸ਼ਟਰ ਦੀ ਪ੍ਰੇਰਣਾ

ਸਾਦਰ ਨਮਸਕਾਰ

26 ਨਵੰਬਰ 1949 ਨੂੰ ਸੰਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਨੂੰ ਸਵੀਕਾਰ ਕੀਤਾ ਸੀ। 26 ਜਨਵਰੀ 1950 ਨੂੰ ਇਹ ਲਾਗੂ ਹੋਇਆ। ਇਹ ਸਿਰਫ਼ ਇੱਕ ਕਾਨੂੰਨੀ ਦਸਤਾਵੇਜ਼ ਹੀ ਨਹੀਂ, ਸਗੋਂ ਸਾਰੇ ਭਾਰਤੀਆਂ ਦੀਆਂ ਅਕਾਂਖਿਆਵਾਂ, ਅਧਿਕਾਰਾਂ ਅਤੇ ਫਰਜ਼ਾਂ ਦਾ ਅਮਰ ਐਲਾਨ ਹੈ। ਵਰ੍ਹੇ 2015 ਤੋਂ ਇਹ ਮਿਤੀ ਸੰਵਿਧਾਨ ਦਿਵਸ ਦੇ ਰੂਪ ਵਿੱਚ ਮਨਾਈ ਜਾ ਰਹੀ ਹੈ, ਜੋ ਹੁਣ ਜਨ-ਜਨ ਦਾ ਉਤਸਵ ਬਣ ਚੁੱਕੀ ਹੈ। ਇਸ ਵਰ੍ਹੇ 26 ਨਵੰਬਰ ਨੂੰ ਇਸ ਦਾ 12ਵਾਂ ਆਯੋਜਨ ਸਾਨੂੰ ਯਾਦ ਕਰਵਾਉਂਦਾ ਹੈ ਕਿ ਸੰਵਿਧਾਨ ਦੀ ਅਸਲ ਸ਼ਕਤੀ ਸ਼ਬਦਾਂ ਵਿੱਚ ਨਹੀਂ, ਸਗੋਂ ਜਨਜੀਵਨ ਵਿੱਚ ਉਤਰਦੀ ਉਸ ਦੀ ਭਾਵਨਾ ਵਿੱਚ ਸ਼ਾਮਲ ਹੈ।

ਸਾਡਾ ਸੰਵਿਧਾਨ 'ਅਸੀਂ ਭਾਰਤ ਦੇ ਲੋਕ' ਤੋਂ ਸ਼ੁਰੂ ਹੁੰਦਾ ਹੈ। ਅਸੀਂ ਹੀ ਇਸ ਦੀ ਤਾਕਤ ਹਾਂ, ਅਸੀਂ ਹੀ ਪ੍ਰੇਰਣਾ ਅਤੇ ਅਸੀਂ ਹੀ ਇਸ ਦਾ ਉਦੇਸ਼ ਹਾਂ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸਨੂੰ ਸਰਲ ਸ਼ਬਦਾਂ ਵਿੱਚ 'ਡਿਗਨਿਟੀ ਫਾਰ ਇੰਡੀਅਨ ਐਂਡ ਯੂਨਿਟੀ ਫਾਰ ਇੰਡੀਆ' ਕਹਿੰਦੇ ਹਨ। ਇਹ ਸਾਨੂੰ ਅਧਿਕਾਰਾਂ ਦੇ ਪ੍ਰਤੀ ਸੁਚੇਤ ਕਰਦਾ ਹੈ, ਅਤੇ ਫਰਜ਼ਾਂ ਦੇ ਪ੍ਰਤੀ ਜਾਗਰੂਕ ਵੀ।

ਬੀਤੇ ਵਰ੍ਹਿਆਂ ਵਿੱਚ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ, ਸਬਕਾ ਪ੍ਰਯਾਸ' ਦਾ ਮੰਤਰ ਸੰਵਿਧਾਨ ਦੀ ਭਾਵਨਾ ਦਾ ਸਭ ਤੋਂ ਸਸ਼ਕਤ ਪ੍ਰਗਟਾਵਾ ਬਣ ਕੇ ਸਮਾਜਿਕ ਨਿਆਂ, ਆਰਥਿਕ ਸਮਾਵੇਸ਼ ਅਤੇ ਜਨਤਕ ਭਲਾਈ ਦੀ ਨਵੀਂ ਗਾਥਾ ਲਿਖ ਰਿਹਾ ਹੈ। ਜਨ-ਧਨ ਤੋਂ ਆਵਾਸ ਤੱਕ ਅਤੇ ਆਯੁਸ਼ਮਾਨ ਭਾਰਤ ਤੋਂ ਕਿਸਾਨ ਸਨਮਾਨ ਨਿਧੀ ਤੱਕ, ਹਰ ਪਹਿਲ ਸਮਾਨਤਾ ਅਤੇ ਗਰਿਮਾ ਦੇ ਆਦਰਸ਼ਾਂ ਨੂੰ ਸਾਕਾਰ ਕਰ ਰਹੀ ਹੈ। ਆਰਟੀਕਲ 370 ਨੂੰ ਰੱਦ ਕਰਕੇ ਸੰਵਿਧਾਨ ਦੇ ਮਹੱਤਵ ਨੂੰ ਮੁੜ-ਸਥਾਪਿਤ ਕੀਤਾ ਗਿਆ। ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਆਪਸੀ ਸੰਤੁਲਨ ਦੇ ਨਾਲ ਮਜ਼ਬੂਤ ਪ੍ਰਣਾਲੀ ਦੇ ਰੂਪ ਵਿੱਚ ਕਾਰਜ ਕਰ ਰਹੇ ਹਨ। ਭਾਰਤੀਯ ਨਯਾਯ ਸੰਹਿਤਾ ਨਵੀਂ ਕਾਨੂੰਨ ਨਿਆਂ ਵਿਵਸਥਾ ਨੂੰ ਸਰਲ, ਆਧੁਨਿਕ ਅਤੇ ਜਨ-ਕੇਂਦ੍ਰਿਤ ਬਣਾ ਰਹੀ ਹੈ।

ਲੋਕਤੰਤਰ ਦੀ ਰੱਖਿਆ ਟਿਕਾਊ ਜਾਗਰੂਕਤਾ ਨਾਲ ਹੀ ਸੰਭਵ ਹੈ। ਅਧਿਕਾਰਾਂ ਦੇ ਨਾਲ ਫਰਜ਼ਾਂ ਨੂੰ ਨਿਭਾਉਣਾ ਹੀ ਸੰਵਿਧਾਨ ਦੇ ਪ੍ਰਤੀ ਸੱਚੀ ਨਿਸ਼ਠਾ ਹੈ। 'ਵੀ ਦ ਪੀਪੁਲ' ਸਿਰਫ਼ ਵਾਕਾਂਸ਼ ਦੇ ਸ਼ਬਦ ਨਹੀਂ ਰਹੇ, ਰਾਸ਼ਟਰੀ ਜੀਵਨ ਦਾ ਸੰਕਲਪ ਬਣ ਗਿਆ ਹੈ। ਸੰਵਿਧਾਨ ਦੀ ਆਤਮਾ ਨੂੰ ਆਤਮਸਾਤ ਕਰਕੇ ਵਿਕਸਿਤ ਭਾਰਤ ਦੀ ਸੁਨਹਿਰੀ ਯਾਤਰਾ ਵਿੱਚ ਰਾਸ਼ਟਰ ਦਾ ਹਰ ਨਾਗਰਿਕ ਸਹਿਭਾਗੀ ਬਣ ਰਿਹਾ ਹੈ। ਇਹੀ ਇਸ ਵਾਰ ਦੇ ਸਾਡੇ ਵਿਸ਼ੇਸ਼ ਅੰਕ ਦੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਪੌਦਿਆਂ ਵਿੱਚ ਵੀ ਹੁੰਦੀ ਹੈ ਜਾਨ, ਨੂੰ ਸਿੱਧ ਕਰਨ ਵਾਲੇ ਜਗਦੀਸ਼ ਚੰਦ੍ਰ ਬੋਸ, ਫਲੈਗਸ਼ਿਪ ਯੋਜਨਾ ਵਿੱਚ ਪੀਐੱਮ ਆਵਾਸ-ਗ੍ਰਾਮੀਣ ਦੇ 10 ਵਰ੍ਹੇ, ਕੇਂਦਰੀ ਕੈਬਨਿਟ ਦੇ ਫੈਸਲੇ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਅੰਦਰਲੇ ਪੇਜ 'ਤੇ ਰੇਡੀਓ 'ਤੇ ਪ੍ਰਸਾਰਿਤ ਹੋਣ ਵਾਲੇ ਮਹੀਨਾਵਾਰ ਪ੍ਰੋਗਰਾਮ ਮਨ ਕੀ ਬਾਤ ਅਤੇ ਬੈਕ ਕਵਰ 'ਤੇ 22 ਨਵੰਬਰ ਨੂੰ ਹੋਣ ਵਾਲੇ ਰਾਸ਼ਟਰੀ ਕੈਡੇਟ ਕੋਰ (ਐੱਨਸੀਸੀ) ਦਿਵਸ 'ਤੇ ਖ਼ਾਸ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
https://newindiasamachar.pib.gov.in/news.aspx

ਆਪਕੀ ਬਾਤ...





ਮਿਲਦੀ ਹੈ ਸਰਕਾਰ ਦੀਆਂ ਨਵੀਨਤਮ ਪਹਿਲਕਦਮੀਆਂ ਅਤੇ ਸਮੇਂ-ਸਿਰ ਘਟਨਾਵਾਂ ਦੀ ਜਾਣਕਾਰੀ

ਮੈਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਦੇ ਲਈ, ਸਰਕਾਰ ਦੀਆਂ ਨਵੀਨਤਮ ਪਹਿਲਕਦਮੀਆਂ, ਨੀਤੀਆਂ, ਯੋਜਨਾਵਾਂ ਅਤੇ ਕਰੰਟ ਅਫੇਅਰਸ ਨਾਲ ਅਪਡੇਟ ਰਹਿਣ ਦੇ ਲਈ ਨਿਯਮਿਤ ਤੌਰ 'ਤੇ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਪੜ੍ਹਦਾ ਹਾਂ। ਇਸ ਸ਼ਾਨਦਾਰ ਪੱਤ੍ਰਿਕਾ ਦੇ ਲਈ ਪੂਰੀ ਟੀਮ ਦਾ ਧੰਨਵਾਦ। ਮੈਂ ਇਸ ਪੱਤ੍ਰਿਕਾ ਦੇ ਨਵੀਨਤਮ ਅਤੇ ਪਿਛਲੇ ਅੰਕਾਂ ਦੇ ਲਈ ਅਧਿਕਾਰਤ ਵੈੱਬਸਾਈਟ 'ਤੇ ਜਾ ਕੇ ਦੇਖਦਾ ਹਾਂ।

ਪ੍ਰਣਵ ਪੱਟਾਨੀ

papattani264@gmail.com

ਮੈਨੂੰ ਮਿਲਦੀ ਹੈ ਕੁਝ ਉਪਯੋਗੀ ਜਾਣਕਾਰੀ

ਮੇਰਾ ਨਾਂ ਚਿੰਤਨ ਹੈ। ਮੈਂ ਨਿਯਮਿਤ ਤੌਰ 'ਤੇ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਪੜ੍ਹਦਾ ਹਾਂ। ਮੈਂ ਪੂਰੀ ਪੱਤ੍ਰਿਕਾ 'ਤੇ ਇੱਕ ਝਾਤੀ ਮਾਰਦਾ ਹਾਂ। ਇਸ ਵਿੱਚ ਦਿੱਤੀ ਗਈ ਜਾਣਕਾਰੀ ਨਾਲ ਮੈਨੂੰ ਆਪਣੇ ਗਿਆਨ ਦੇ ਲਈ ਕੁਝ ਉਪਯੋਗੀ ਗੱਲਾਂ ਮਿਲ ਜਾਂਦੀਆਂ ਹਨ।

chintanr390@gmail.com

ਵਿਕਾਸ ਸਬੰਧੀ ਸੂਚਨਾਵਾਂ ਦੀ ਮਿਲਦੀ ਹੈ ਜਾਣਕਾਰੀ

ਮੈਂ ਕੇਂਦਰ ਸਰਕਾਰ ਦੀ ਅਧਿਕਾਰਤ ਪੱਤ੍ਰਿਕਾ 'ਨਿਊ ਇੰਡੀਆ ਸਮਾਚਾਰ' ਦੇ ਤੇਲਗੂ ਸੰਸਕਰਣ ਦਾ ਨਿਯਮਿਤ ਪਾਠਕ ਹਾਂ। ਮੈਂ ਜਨਤਕ ਨੀਤੀ ਨਾਲ ਜੁੜੀਆਂ ਜਾਣਕਾਰੀਆਂ ਨੂੰ ਬਹੁਤ ਮਹੱਤਵ ਦਿੰਦਾ ਹਾਂ। ਮੈਂ 'ਵਿਕਸਿਤ ਭਾਰਤ' ਦੇ ਟੀਚੇ ਨੂੰ ਪ੍ਰਾਪਤ ਕਰਨ ਦੀ ਦਿਸ਼ਾ ਵਿੱਚ ਮਾਣਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਸਾਂਝੇ ਕੀਤੇ ਗਏ ਵਿਕਾਸ ਦੇ ਢਾਂਚੇ, ਰਾਸ਼ਟਰੀ ਉਪਲਬਧੀਆਂ ਅਤੇ ਸ਼ਾਸਨ ਸਬੰਧੀ ਵਿਚਾਰਾਂ ਦਾ ਡੂੰਘਾਈ ਨਾਲ ਅਧਿਐਨ ਕਰਨਾ ਚਾਹੁੰਦਾ ਹਾਂ। ਇਸ ਵਿੱਚ ਇਹ ਪੱਤ੍ਰਿਕਾ ਬਹੁਤ ਸਹਾਇਕ ਸਾਬਤ ਹੋ ਰਹੀ ਹੈ।

ਜੀ. ਅਸ਼ੋਕ

cscashok1399@gmail.com

ਖੁਦ ਨੂੰ ਅਪਡੇਟ ਰੱਖਣ ਵਿੱਚ ਬਹੁਤ ਉਪਯੋਗੀ ਪੱਤ੍ਰਿਕਾ ਨਿਊ ਇੰਡੀਆ ਸਮਾਚਾਰ

ਮੈਂ 'ਨਿਊ ਇੰਡੀਆ ਸਮਾਚਾਰ' ਦਾ ਨਿਯਮਿਤ ਪਾਠਕ ਹਾਂ। ਇਹ ਪੱਤ੍ਰਿਕਾ ਭਾਰਤ ਸਰਕਾਰ ਦੀਆਂ ਯੋਜਨਾਵਾਂ, ਨੀਤੀਆਂ ਅਤੇ ਸਮੇਂ-ਸਿਰ ਮਾਮਲਿਆਂ ਬਾਰੇ ਖੁਦ ਨੂੰ ਅਪਡੇਟ ਰੱਖਣ ਦੇ ਲਈ ਬਹੁਤ ਉਪਯੋਗੀ ਲਗਦੀ ਹੈ। ਇਹ ਮੈਗਜ਼ੀਨ ਦੇਸ਼ ਦੀ ਤਰੱਕੀ ਬਾਰੇ ਮੇਰੀ ਜਾਣਕਾਰੀ ਵਧਾਉਂਦੀ ਹੈ। ਮੈਨੂੰ ਇੱਕ ਜ਼ਿੰਮੇਦਾਰ ਨਾਗਰਿਕ ਦੇ ਤੌਰ 'ਤੇ ਜ਼ਿਆਦਾ ਸਮਝਣ ਅਤੇ ਹਿੱਸਾ ਲੈਣ ਦੇ ਲਈ ਪ੍ਰੇਰਿਤ ਕਰਦੀ ਹੈ।

ਨਿਵੇਸ਼ ਗੋਇਲ

goyalnivesh98@gmail.com

ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003

ਈਮੇਲ- response-nis@pib.gov.in

ਸਮਾਚਾਰ ਦਰਪਣ



ਏਸ਼ੀਅਨ ਪੈਰਾ ਗੇਮਸ 2026
ਭਾਰਤ ਦਾ ਸਰਬਸ਼੍ਰੇਸ਼ਠ ਪ੍ਰਦਰਸ਼ਨ



ਜਪਾਨ ਦੇ ਆਈਚੀ-ਨਾਗੋਯਾ ਵਿੱਚ ਆਯੋਜਿਤ ਏਸ਼ੀਅਨ ਪੈਰਾ ਗੇਮਸ 2026 ਵਿੱਚ ਭਾਰਤ ਨੇ ਹੁਣ ਤੱਕ ਦਾ ਆਪਣਾ ਸਰਬਸ਼੍ਰੇਸ਼ਠ ਪ੍ਰਦਰਸ਼ਨ ਕੀਤਾ। ਭਾਰਤ ਨੇ 30 ਗੋਲਡ, 35 ਸਿਲਵਰ ਅਤੇ 49 ਕਾਂਸੀ ਸਮੇਤ ਕੁੱਲ 114 ਮੈਡਲ ਜਿੱਤੇ ਅਤੇ ਮੈਡਲ ਸੂਚੀ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੈਰਾ ਖਿਡਾਰੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਪੈਰਾ-ਐਥਲੀਟਾਂ ਨੇ ਕੀ ਅਸਧਾਰਨ ਉਪਲਬਧੀ ਹਾਸਲ ਕੀਤੀ ਹੈ! ਇਹ ਪੂਰੇ ਦੇਸ਼ ਦੇ ਲਈ ਅਤਿਅੰਤ ਮਾਣ ਅਤੇ ਖੁਸ਼ੀ ਦਾ ਮੌਕਾ ਹੈ। ਹਰੇਕ ਖਿਡਾਰੀ ਨੇ ਇਸ ਇਤਿਹਾਸਿਕ ਉਪਲਬਧੀ ਵਿੱਚ ਯੋਗਦਾਨ ਦਿੱਤਾ ਹੈ। ਆਪਣੀਆਂ ਉਪਲਬਧੀਆਂ ਤੋਂ ਅਣਗਿਣਤ ਭਾਰਤੀਆਂ ਨੂੰ ਪ੍ਰੇਰਿਤ ਕੀਤਾ ਹੈ।
ਭਾਰਤ ਨੇ ਏਸ਼ੀਅਨ ਪੈਰਾ ਗੇਮਸ 2022 ਵਿੱਚ 111 ਮੈਡਲਾਂ ਦੇ ਰਿਕਾਰਡ ਨੂੰ ਪਿੱਛੇ ਛੱਡਿਆ। ਭਾਰਤ ਦੇ ਮੈਡਲਾਂ ਵਿੱਚ ਪੈਰਾ ਐਥਲੈਟਿਕਸ ਦਾ ਸਭ ਤੋਂ ਵੱਡਾ ਯੋਗਦਾਨ ਰਿਹਾ, ਜਿਸ ਨੇ 22 ਮੈਡਲ ਸਮੇਤ 65 ਮੈਡਲ ਦਿਵਾਏ। ਸ਼ੀਤਲ ਦੇਵੀ ਤਿੰਨ ਮੈਡਲਾਂ (ਦੋ ਗੋਲਡ, ਇੱਕ ਸਿਲਵਰ) ਦੇ ਨਾਲ ਭਾਰਤ ਦੀ ਸਭ ਤੋਂ ਸਫਲ ਐਥਲੀਟ ਰਹੀ।

ਸੁਰੱਖਿਆ ਚੁਣੌਤੀਆਂ ਨਾਲ ਨਜਿੱਠੇਗਾ ਵਾਈਬ੍ਰੈਂਟ ਸਿਵਿਲ ਡਿਫੈਂਸ ਨੈੱਟਵਰਕ

ਭਾਰਤ ਵਿੱਚ ਵਾਈਬ੍ਰੈਂਟ ਸਿਵਿਲ ਡਿਫੈਂਸ ਨੈੱਟਵਰਕ ਤਿਆਰ ਕਰਨ ਦੇ ਲਈ ਭਾਰਤੀ ਸੈਨਾ ਦੇ ਨਾਲ ਖਾਸ ਟ੍ਰੇਨਿੰਗ ਪਹਿਲਕਦਮੀ ਸ਼ੁਰੂ ਕੀਤੀ ਜਾ ਰਹੀ ਹੈ। ਪਹਿਲੇ ਪੜਾਅ ਵਿੱਚ 12 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 600 ਸਿਵਿਲ ਡਿਫੈਂਸ ਮਾਸਟਰ ਟ੍ਰੇਨਰਸ ਨੂੰ ਤਿੰਨ ਦਿਨਾਂ ਟ੍ਰੇਨਿੰਗ ਦਿੱਤੀ ਜਾਵੇਗੀ। ਲਾਲ ਕਿਲੇ ਦੀ ਫਸੀਲ ਤੋਂ 15 ਅਗਸਤ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਵਾਈਬ੍ਰੈਂਟ ਸਿਵਿਲ ਡਿਫੈਂਸ ਨੈੱਟਵਰਕ ਦੇ ਨਿਰਮਾਣ ਦਾ ਵਿਜ਼ਨ ਪੇਸ਼ ਕੀਤਾ ਸੀ।






ਹਰੇਕ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਤੋਂ 50 ਮਾਸਟਰ ਟ੍ਰੇਨਰਸ ਇਸ ਵਿੱਚ ਸ਼ਾਮਲ ਹੋਣਗੇ। ਟ੍ਰੇਨਿੰਗ ਵਿੱਚ ਖਤਰੇ ਦੇ ਪ੍ਰਤੀ ਜਾਗਰੂਕਤਾ, ਸੁਰੱਖਿਆ ਅਤੇ ਐਮਰਜੈਂਸੀ ਪ੍ਰਤੀਕਿਰਿਆ, ਸੰਚਾਰ ਅਤੇ ਤਾਲਮੇਲ 'ਤੇ ਜ਼ੋਰ ਰਹੇਗਾ। ਇਸ ਵਿੱਚ ਆਧੁਨਿਕ ਅਤੇ ਹਾਈਬ੍ਰਿਡ ਯੁੱਧ, ਡ੍ਰੋਨ ਅਤੇ ਹਵਾਈ ਹਮਲੇ ਦੇ ਖਤਰੇ, ਅੱਗ ਸੁਰੱਖਿਆ, ਖੋਜ ਅਤੇ ਬਚਾਅ, ਸਾਈਬਰ ਸਵੱਛਤਾ ਅਤੇ ਨਾਗਿਰਕ-ਸੈਨਾ ਤਾਲਮੇਲ ਜਿਹੇ ਵਿਸ਼ੇ ਸ਼ਾਮਲ ਹਨ।

ਟ੍ਰੇਨਿੰਗ ਤੋਂ ਬਾਅਦ ਹਰੇਕ ਮਾਸਟਰ ਟ੍ਰੇਨਰ 100 ਸਿਵਿਲ ਡਿਫੈਂਸ ਵਲੰਟੀਅਰਸ ਨੂੰ ਟ੍ਰੇਂਡ ਕਰੇਗਾ।

ਈ85/ਈ100 ਈਂਧਣ ਵਾਹਨਾਂ ਦੇ ਬਦਲੇ ਨਿਯਮ

ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੇ ਈ85 ਅਤੇ ਈ100 ਫਲੈਕਸ ਫਿਊਲ ਵਾਹਨਾਂ ਨੂੰ ਹੁਲਾਰਾ ਦੇਣ ਦੇ ਲਈ ਕੇਂਦਰੀ ਮੋਟਰ ਵਾਹਨ ਨਿਯਮ, 1989 ਵਿੱਚ ਸੰਸ਼ੋਧਨ ਕੀਤਾ ਹੈ। ਵਾਤਾਵਰਣ ਹਿਤੈਸ਼ੀ ਇਨ੍ਹਾਂ ਈਂਧਣਾਂ ਦੇ ਲਈ ਪ੍ਰਮਾਣਿਤ ਵਾਹਨਾਂ ਨੂੰ ਲਾਗੂ ਨਿਕਾਸੀ ਅਤੇ ਸੁਰੱਖਿਆ ਮਿਆਰਾਂ ਨੂੰ ਪੂਰਾ ਕਰਨਾ ਹੋਵੇਗਾ। ਈ85 ਵਿੱਚ ਮਿਕਸ ਦੇ ਹਿਸਾਬ ਨਾਲ 85 ਪ੍ਰਤੀਸ਼ਤ ਤੱਕ ਈਥੈਨੌਲ ਹੁੰਦਾ ਹੈ।

ਮੰਤਰਾਲੇ ਦੇ ਮੁਤਾਬਕ, ਦੇਸ਼ ਵਿੱਚ ਉਤਪਾਦਿਤ ਈਥੈਨੌਲ ਤੋਂ ਵੱਧ ਉਪਯੋਗ ਨਾਲ ਆਯਾਤ ਕੀਤੇ ਕੱਚੇ ਤੇਲ 'ਤੇ ਨਿਰਭਰਤਾ ਘੱਟ ਕਰਨ ਵਿੱਚ ਮਦਦ ਮਿਲ ਸਕਦੀ ਹੈ। ਈ85/ਈ100 ਦਾ ਉਪਯੋਗ ਸਿਰਫ਼ ਖਾਸ ਤੌਰ 'ਤੇ ਡਿਜ਼ਾਈਨ ਅਤੇ ਪ੍ਰਮਾਣਿਤ ਵਾਹਨਾਂ ਵਿੱਚ ਕੀਤਾ ਜਾ ਸਕੇਗਾ। ਮੌਜੂਦਾ ਵਾਹਨ ਮਾਲਕਾਂ ਨੂੰ ਆਪਣੇ ਵਾਹਨਾਂ ਵਿੱਚ ਬਦਲਾਅ ਕਰਨ ਦੀ ਜ਼ਰੂਰਤ ਨਹੀਂ ਹੈ।



‘ਐਗ੍ਰੀ ਵੈਲਫੇਅਰ ਪੋਰਟਲ’ ‘ਮੋਬਾਈਲ ‘ਤੇ ਖੇਤੀਬਾੜੀ ਬਾਰੇ ਜਾਣਕਾਰੀ’

ਦੇਸ਼ ਦੇ ਕਿਸਾਨਾਂ ਨੂੰ ਹੁਣ ਖੇਤੀ-ਕਿਸਾਨੀ ਅਤੇ ਭਲਾਈ ਨਾਲ ਜੁੜੀਆਂ ਸੇਵਾਵਾਂ ਦੀ ਜਾਣਕਾਰੀ ਲੈਣ ਦੇ ਲਈ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਹੋਣਗੇ। ਹੁਣ ਘਰ ਬੈਠੇ ਖਾਦ-ਬੀਜ ਅਤੇ ਯੋਜਨਾਵਾਂ ਦੀ ਜਾਣਕਾਰੀ ਮਿਲੇਗੀ। ਇੱਕ ਹੀ ਥਾਂ ਮੰਤਰਾਲੇ ਦੀਆਂ ਸਾਰੀਆਂ ਸੇਵਾਵਾਂ ਹੋਣਗੀਆਂ ਜਿਸ ਨਾਲ ਅੰਨਦਾਤਾ ਡਿਜੀਟਲ ਤੌਰ ‘ਤੇ ਸਸ਼ਕਤ ਹੋਵੇਗਾ।

ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਸਾਨਾਂ ਦੇ ਲਈ ਸੰਸ਼ੋਧਿਤ ‘ਐਗਰੀ ਵੈੱਲਫੇਅਰ ਪੋਰਟਲ’ ਸ਼ੁਰੂ ਕੀਤਾ ਹੈ। ਇਸ ਦਾ ਉਦੇਸ਼ ਸਰਕਾਰੀ ਯੋਜਨਾਵਾਂ, ਆਰਥਿਕ ਸਹਾਇਤਾ ਅਤੇ ਖੇਤੀ-ਕਿਸਾਨੀ ਨਾਲ ਜੁੜੀਆਂ ਜ਼ਰੂਰੀ ਜਾਣਕਾਰੀਆਂ ਸਿੱਧਾ ਕਿਸਾਨਾਂ ਦੇ ਮੋਬਾਈਲ ਤੱਕ ਪਹੁੰਚਾਉਣਾ ਹੈ। ਪੋਰਟਲ ‘ਤੇ ਮੰਤਰਾਲੇ ਦੀਆਂ ਯੋਜਨਾਵਾਂ, ਸਬਸਿਡੀ, ਨਿਯਮਾਂ ਅਤੇ ਡਿਜੀਟਲ ਸੇਵਾਵਾਂ, ਮੌਸਮ, ਬੀਜ-ਖਾਦ ਦੀ ਉਪਲਬਧਤਾ, ਮੰਡੀਆਂ ਦੇ ਭਾਵ ਅਤੇ ਵਿਗਿਆਨਕ ਖੇਤੀ ਦੀ ਜਾਣਕਾਰੀ ਮਿਲੇਗੀ। ਇਸੇ ਕਮਜ਼ੋਰ ਇੰਟਰਨੈੱਟ ਅਤੇ ਸਧਾਰਨ ਸਮਾਰਟਫੋਨ ‘ਤੇ ਵਰਤੋਂ ਦੇ ਅਨੁਕੂਲ ਬਣਾਇਆ ਗਿਆ ਹੈ।



ਆਯੁਸ਼ ਨਵੀਨਤਾ : ਪੇਟੈਂਟ ਆਵੇਦਨ 8 ਗੁਣਾ ਵਧੇ

ਆਯੁਸ਼ ਖੇਤਰ ਵਿੱਚ ਨਵੀਨਤਾ ਅਤੇ ਬੌਧਿਕ ਸੰਪਦਾ ਗਤੀਵਿਧੀਆਂ ਵਿੱਚ ਪਿਛਲੇ ਇੱਕ ਦਹਾਕੇ ਵਿੱਚ ਤੇਜ਼ ਵਾਧਾ ਹੋਇਆ ਹੈ। ਵਿੱਤੀ ਵਰ੍ਹੇ 2014-15 ਤੋਂ 2025-26 ਦੇ ਵਿੱਚ ਆਯੁਸ਼ ਨਾਲ ਜੁੜੇ 4,077 ਪੇਟੈਂਟ ਆਵੇਦਨ ਦਾਇਰ ਹੋਏ ਅਤੇ 711 ਪੇਟੈਂਟ ਪ੍ਰਦਾਨ ਕੀਤੇ ਗਏ। ਸਲਾਨਾ ਆਵੇਦਨ 63 ਤੋਂ ਵਧ ਕੇ 590 ਹੋ ਗਏ, ਭਾਵ ਲਗਭਗ 836.5 ਪ੍ਰਤੀਸ਼ਤ ਦਾ ਵਾਧਾ ਹੋਇਆ। ਆਯੁਸ਼ ਨਾਲ ਸਬੰਧਿਤ ਖੋਜਾਂ ‘ਤੇ ਜਾਰੀ ਸਥਿਤੀ ਰਿਪੋਰਟ (2014-2026) ਵਿੱਚ ਇਹ ਜਾਣਕਾਰੀ ਸਾਹਮਣੇ ਆਈ ਹੈ।

ਕੋਵਿਡ-19 ਤੋਂ ਬਾਅਦ ਦੇ ਛੇ ਵਰ੍ਹਿਆਂ ਵਿੱਚ 2,854 ਆਵੇਦਨ ਦਾਇਰ ਹੋਏ ਜੋ ਕੁੱਲ ਆਵੇਦਨਾਂ ਦਾ 70 ਪ੍ਰਤੀਸ਼ਤ ਹੈ। ਇਸੇ ਮਿਆਦ ਵਿੱਚ 657 ਪੇਟੈਂਟ ਪ੍ਰਦਾਨ ਕੀਤੇ ਗਏ। ਆਮਜਨ ਨੇ ਸਭ ਤੋਂ ਵੱਧ 2,113 ਆਵੇਦਨ ਕੀਤੇ, ਜਦੋਂ ਕਿ ਅਕਾਦਮਿਕ ਸੰਸਥਾਨਾਂ ਨੇ 995 ਆਵੇਦਨ ਦਾਇਰ ਕੀਤੇ।

ਦੇਸ਼ ਵਿੱਚ 103 ਹੋਈ ਰਾਮਸਰ ਸਾਈਟਾਂ ਦੀ ਗਿਣਤੀ

ਭਾਰਤ ਵਿੱਚ ਰਾਮਸਰ ਸਾਈਟਾਂ ਦੀ ਗਿਣਤੀ ਵਧ ਕੇ 103 ਹੋ ਗਈ ਹੈ। ਕੇਂਦਰੀ ਵਾਤਾਵਰਣ, ਜੰਗਲ ਅਤੇ ਜਲਵਾਯੂ ਪਰਿਵਰਤਨ ਮੰਤਰੀ ਭੂਪੇਂਦਰ ਯਾਦਵ ਨੇ ਸੁਖਨਾ ਵੈੱਟਲੈਂਡ (ਚੰਡੀਗੜ੍ਹ) ਅਤੇ ਸੌਜ ਝੀਲ (ਉੱਤਰ ਪ੍ਰਦੇਸ਼) ਨੂੰ ਇਸ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਦਾ ਐਲਾਨ ਕੀਤਾ। ਵਰ੍ਹੇ 2014 ਵਿੱਚ ਭਾਰਤ ਵਿੱਚ 26 ਰਾਮਸਰ ਸਾਈਟ ਸਨ, ਜਿਨ੍ਹਾਂ ਦੀ ਗਿਣਤੀ ਹੁਣ ਲਗਭਗ ਚਾਰ ਗੁਣਾ ਹੋ ਗਈ ਹੈ। ਰਾਮਸਰ ਸਾਈਟ ਜੈਵ ਵਿਭਿੰਨਤਾ ਦੀ ਸੰਭਾਲ, ਹੜ੍ਹ ਦੇ ਪ੍ਰਭਾਵ ਨੂੰ ਘੱਟ ਕਰਨ, ਭੂਜਲ ਮੁੜ-ਭਰਨ ਅਤੇ ਆਜੀਵਿਕਾ ਬਣਾਏ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਭਾਰਤ 1 ਫਰਵਰੀ 1982 ਨੂੰ ਰਾਮਸਰ ਕਨਵੈਂਸ਼ਨ ਵਿੱਚ ਸ਼ਾਮਲ ਹੋਇਆ।



103
ਕੁੱਲ ਰਾਮਸਰ ਸਾਈਟਾਂ (15 ਅਕਤੂਬਰ 2026 ਤੱਕ)

26 ਤੋਂ 103 ਹੋਈਆਂ ਰਾਮਸਰ ਸਾਈਟਾਂ ਵਰ੍ਹੇ 2014 ਤੋਂ ਹੁਣ ਤੱਕ ਵਾਧਾ

13.87 ਲੱਖ ਹੈਕਟੇਅਰ ਤੋਂ ਵੱਧ ਕੁੱਲ ਖੇਤਰਫਲ

28 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਫੈਲੀਆਂ ਹੋਈਆਂ ਹਨ ਇਹ ਰਾਮਸਰ ਸਾਈਟਾਂ

ਰਾਮਸਰ ਸਾਈਟ ਵਿੱਚ ਭਾਰਤ ਦੀ ਆਲਮੀ ਸਥਿਤੀ ਦਾ ਏਸ਼ੀਆ ਵਿੱਚ ਪਹਿਲਾ ਅਤੇ ਵਿਸ਼ਵ ਵਿੱਚ ਤੀਜਾ ਸਥਾਨ

...ਹੋਰ ਵਧੇਗੀ ਦੇਸ਼ ਦੀ ਰੱਖਿਆ ਸਮਰੱਥਾ


ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਹੇਠ 26 ਅਕਤੂਬਰ 2026 ਨੂੰ ਹੋਈ ਰੱਖਿਆ ਅਧਿਗ੍ਰਹਿਣ ਪਰਿਸ਼ਦ (ਡੀਏਸੀ) ਦੀ ਮੀਟਿੰਗ ਵਿੱਚ ਰੱਖਿਆ ਬਲਾਂ ਦੇ ਲਈ 2.12 ਲੱਖ ਕਰੋੜ ਰੁਪਏ ਦੇ ਪੂੰਜੀ ਅਧਿਗ੍ਰਹਿਣ ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਗਈ। ਇਨ੍ਹਾਂ ਵਿੱਚ ਲਗਭਗ 82 ਪ੍ਰਤੀਸ਼ਤ ਖਰੀਦ ਭਾਰਤੀ ਉਦਯੋਗ ਨਾਲ ਹੋਵੇਗੀ, ਜਿਸ ਨਾਲ ਸਵਦੇਸ਼ੀ ਰੱਖਿਆ ਉਤਪਾਦਨ ਨੂੰ ਹੁਲਾਰਾ ਮਿਲੇਗਾ।

ਭਾਰਤੀ ਸੈਨਾ ਦੇ ਲਈ ਡ੍ਰੋਨ, ਨਿਗਰਾਨੀ ਯੂਏਵੀ, ਕਾਊਂਟਰ-ਡ੍ਰੋਨ ਸਿਸਟਮ, ਲੰਬੀ ਦੂਰੀ ਦੇ ਕਮਿਕੇਜ ਡ੍ਰੋਨ ਅਤੇ ਸਵੈ-ਚਾਲਿਤ ਗਨ ਸਿਸਟਮ ਸਮੇਤ ਆਧੁਨਿਕ ਉਪਕਰਣ ਖਰੀਦੇ ਜਾਣਗੇ। ਜਲ ਸੈਨਾ ਨੂੰ ਐਂਟੀ-ਸ਼ਿਪ ਮਿਜ਼ਾਈਲਾਂ ਨਾਲ ਰੱਖਿਆ ਦੇ ਲਈ ਆਧੁਨਿਕ ਪ੍ਰਣਾਲੀਆਂ ਮਿਲਣਗੀਆਂ। ਉੱਥੇ, ਹਵਾਈ ਸੈਨਾ ਦੇ ਲਈ ਹੈਲੀਕੌਪਟਰ, ਹਵਾਈ ਰੱਖਿਆ ਪ੍ਰਣਾਲੀ, ਹਥਿਆਰ ਅਤੇ ਮੌਸਮ ਰਡਾਰ ਮਨਜ਼ੂਰ ਕੀਤੇ ਗਏ ਹਨ। ਇਸ ਨਾਲ ਰੱਖਿਆ ਬਲਾਂ ਦੀ ਨਿਗਰਾਨੀ, ਗਤੀਸ਼ੀਲਤਾ ਅਤੇ ਹਮਲਾ ਕਰਨ ਦੀ ਸਮਰੱਥਾ ਮਜ਼ਬੂਤ ਹੋਵੇਗੀ।



ਜਿਨ੍ਹਾਂ ਨੇ ਸਿੱਧ ਕੀਤਾ...

ਪੌਦਿਆਂ ਵਿੱਚ ਵੀ ਹੁੰਦੀ ਹੈ ਜਾਨ




ਜਨਮ: 30 ਨਵੰਬਰ, 1858
ਦੇਹਾਂਤ: 23 ਨਵੰਬਰ, 1937

ਰੇਡੀਓ ਵਿਗਿਆਨ ਦੀ ਨੀਂਹ ਰੱਖਣ ਅਤੇ ਪੌਦਿਆਂ ਵਿੱਚ ਜੀਵਨ-ਪ੍ਰਤੀਕਿਰਿਆਵਾਂ ਨੂੰ ਸਿੱਧ ਕਰਨ ਵਾਲੇ ਅਦੁੱਤੀ ਵਿਗਿਆਨਕ ਸਰ ਜਗਦੀਸ਼ ਚੰਦ੍ਰ ਬੋਸ ਅਜਿਹੇ ਵਿਅਕਤੀ ਸਨ ਜਿਨ੍ਹਾਂ ਨੇ ਪੂਰੀ ਦੁਨੀਆ ਵਿੱਚ ਭਾਰਤ ਦਾ ਨਾਂ ਰੌਸ਼ਨ ਕੀਤਾ। ਦੁਨੀਆ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਪੇੜ-ਪੌਦੇ ਵੀ ਮਹਿਸੂਸ ਕਰਦੇ ਹਨ, ਪ੍ਰਤੀਕਿਰਿਆ ਦਿੰਦੇ ਹਨ। ਉਨ੍ਹਾਂ ਨਾਲ ਹਮਦਰਦੀ ਦਾ ਰਿਸ਼ਤਾ ਵੀ ਸੰਭਵ ਹੈ। ਉੱਥੇ, ਵਾਇਰਲੈੱਸ ਸੰਚਾਰ ਦੇ ਖੇਤਰ ਵਿੱਚ ਉਨ੍ਹਾਂ ਦੇ ਮੋਹਰੀ ਪ੍ਰਯੋਗਾਂ ਨੇ ਉਨ੍ਹਾਂ ਨੇ ਵਿਸ਼ਵ ਭਰ ਵਿੱਚ ਪਛਾਣ ਦਿਵਾਈ। ਖੋਜ ਅਤੇ ਨਵੀਨਤਾ ਦੀ ਉਨ੍ਹਾਂ ਦੀ ਤਪੱਸਿਆ ਅੱਜ ਵੀ ਨੌਜਵਾਨ ਪੀੜ੍ਹੀ ਦੇ ਲਈ ਬਣੀ ਹੈ ਪ੍ਰੇਰਣਾ...

ਖੇਡਦੇ-ਖੇਡਦੇ ਇੱਕ ਬੱਚੇ ਨੇ ਪੇੜ ਦੀ ਇੱਕ ਟਹਿਣੀ ਨੂੰ ਜ਼ੋਰ ਨਾਲ ਹਿਲਾਇਆ ਅਤੇ ਉਸ ਦੇ ਫੁੱਲ-ਪੱਤੇ ਤੋੜਨ ਲੱਗਿਆ। ਤਾਂ ਮਾਂ ਨੇ ਬੱਚੇ ਨੂੰ ਸਮਝਾਇਆ ਕਿ ਹੁਣ ਸ਼ਾਮ ਹੋ ਚੁੱਕੀ ਹੈ। ਇਸ ਸਮੇਂ ਪੇੜ-ਪੌਦਿਆਂ ਨੂੰ ਨਾ ਛੂਹੋ। ਨਾ ਹੀ ਉਨ੍ਹਾਂ ਦੇ ਪੱਤੇ ਤੋੜੋ। ਪੇੜ-ਪੌਦੇ ਵੀ ਸਾਡੀ ਤਰ੍ਹਾਂ ਰਾਤ ਨੂੰ ਸੌਂ ਜਾਂਦੇ ਹਨ। ਜੇਕਰ ਤੁਸੀਂ ਇਸ ਸਮੇਂ ਅਜਿਹਾ ਕਰੋਗੇ ਤਾਂ ਉਨ੍ਹਾਂ ਨੂੰ ਬਹੁਤ ਦਰਦ ਹੋਵੇਗਾ। ਬਚਪਨ ਵਿੱਚ ਮਾਂ ਵੱਲੋਂ ਕਹੀ ਗਈ ਇਸ ਗੱਲ ਦਾ ਬੱਚੇ ਦੇ ਮਨ 'ਤੇ ਡੂੰਘਾ ਅਸਰ ਹੋਇਆ। ਮਨ ਵਿੱਚ ਇਹ ਉਤਸੁਕਤਾ ਬੈਠ ਗਈ ਕਿ ਕੀ ਵਾਕਈ ਪੌਦਿਆਂ ਨੂੰ ਵੀ ਸਾਡੀ ਤਰ੍ਹਾਂ ਦਰਦ ਅਤੇ ਸੁਖ-ਦੁਖ ਦਾ ਅਹਿਸਾਸ ਹੁੰਦਾ ਹੈ? ਉਸ ਬੱਚੇ ਨੇ ਵੱਡੇ ਹੋ ਕੇ ਇਸੇ ਬੇਚੈਨੀ ਨੂੰ ਵਿਗਿਆਨਕ ਕਸੌਟੀ 'ਤੇ ਪਰਖਿਆ। ਕ੍ਰੇਸਕੋਗ੍ਰਾਫ ਨਾਮਕ ਅਤਿਅੰਤ ਸੰਵੇਦਨਸ਼ੀਲ ਯੰਤਰ ਦੀ ਖੋਜ ਕੀਤੀ ਜਿਸ ਨਾਲ ਪੌਦਿਆਂ ਦੇ ਬਹੁਤ ਹੌਲੀ ਵਾਧੇ ਨੂੰ ਵੀ ਮਾਪਿਆ ਜਾ ਸਕਦਾ ਸੀ। ਦੁਨੀਆ ਦੇ ਸਾਹਮਣੇ ਇਹ ਸਾਬਤ ਕਰ ਦਿਖਾਇਆ ਕਿ ਪੇੜ-ਪੌਦਿਆਂ ਵਿੱਚ ਵੀ ਜੀਵਨ ਅਤੇ ਚੇਤਨਾ ਹੁੰਦੀ ਹੈ। ਇਹ ਮਹਾਨ ਵਿਗਿਆਨਕ ਕੋਈ ਹੋਰ ਨਹੀਂ ਸਗੋਂ ਜਗਦੀਸ਼ ਚੰਦ੍ਰ ਬੋਸ ਸਨ। 30 ਨਵੰਬਰ 1858 ਨੂੰ ਬੰਗਾਲ (ਵਰਤਮਾਨ ਬੰਗਲਾਦੇਸ਼) ਦੇ ਮੇਮਨਸਿੰਘ ਪਿੰਡ ਵਿੱਚ ਜਨਮੇ ਜਗਦੀਸ਼ ਚੰਦ੍ਰ ਬੋਸ ਪਹਿਲੇ ਵਿਗਿਆਨਕ ਸਨ ਜਿਨ੍ਹਾਂ ਨੇ ਰੇਡੀਓ ਅਤੇ ਸੁਖਮ ਤਰੰਗਾਂ ਦੀ ਪ੍ਰਕਾਸ਼ਿਕੀ 'ਤੇ ਕੰਮ ਕੀਤਾ। ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੇ ਅਨੁਸਾਰ, ਬੋਸ ਵਾਇਰਲੈੱਸ ਰੇਡੀਓ ਪ੍ਰਸਾਰ ਦੇ ਸਹਿ-ਖੋਜਕਰਤਾ ਸਨ। ਉਨ੍ਹਾਂ ਨੇ ਬਹੁਤ ਛੋਟੀ ਬਿਜਲੀ-ਚੁੰਬਕੀ ਤਰੰਗਾਂ ਪੈਦਾ ਕਰਨ ਅਤੇ ਉਨ੍ਹਾਂ ਨੂੰ ਫੜਣ ਵਾਲੇ ਉਪਕਰਣਾਂ ਵਿੱਚ ਮਹੱਤਵਪੂਰਨ ਸੁਧਾਰ ਕੀਤੇ। ਉਨ੍ਹਾਂ ਨੂੰ ਰੇਡੀਓ ਵਿਗਿਆਨ ਦਾ ਪਿਤਾ ਵੀ ਮੰਨਿਆ ਜਾਂਦਾ ਹੈ। ਅੱਜਕੱਲ੍ਹ ਪ੍ਰਚਲਿਤ ਬਹੁਤ ਸਾਰੇ ਮਾਈਕ੍ਰੋਵੇਵ ਉਪਕਰਣ ਜਿਹੇ ਵੇਵ ਗਾਇਡ, ਪੋਲਰਾਇਜ਼ਰਸ, ਡਾਈਲੈਕਟ੍ਰਿਕ ਲੈਂਸ, ਇਲੈਕਟ੍ਰੋ ਮੈਗਨੈਟਿਕ ਰੈਡੀਏਸ਼ਨ ਲਈ ਸੈਮੀਕੰਡਕਟਰ ਡਿਟੈਕਟਰਸ, ਇਨ੍ਹਾਂ ਸਾਰੇ ਉਪਕਰਣਾਂ ਦੀ ਖੋਜ 19ਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਬੋਸ ਨੇ ਕੀਤਾ।

ਵਰ੍ਹੇ 1917 ਵਿੱਚ ਜਗਦੀਸ਼ ਚੰਦ੍ਰ ਬੋਸ ਨੂੰ 'ਨਾਈਟਹੁੱਡ' ਦੀ ਉਪਾਧੀ ਪ੍ਰਦਾਨ ਕੀਤੀ ਗਈ। ਜਲਦੀ ਹੀ ਭੌਤਿਕ ਅਤੇ ਜੀਵ ਵਿਗਿਆਨ ਦੇ ਲਈ 'ਰੌਇਲ ਸੋਸਾਇਟੀ ਲੰਦਨ' ਦੇ ਫੈਲੋ ਚੁਣ ਲਏ ਗਏ। ਬੋਸ ਨੇ ਆਪਣਾ ਪੂਰਾ ਖੋਜ ਦਾ ਕੰਮ ਕਿਸੇ ਚੰਗੇ ਜਾਂ ਮਹਿੰਗੇ ਉਪਕਰਣ ਅਤੇ ਲੈਬੋਰਟਰੀ ਨਾਲ ਨਹੀਂ ਕੀਤਾ ਸੀ, ਇਸ ਲਈ ਉਹ ਇੱਕ ਚੰਗੀ ਲੈਬੋਰਟਰੀ ਬਣਾਉਣ ਦੀ ਸੋਚ ਰਹੇ ਸਨ। 'ਬੋਸ ਇੰਸਟੀਟਿਊਟ' (ਬੋਸ ਵਿਗਿਆਨ ਮੰਦਿਰ) ਇਸੇ ਵਿਚਾਰ ਤੋਂ ਪ੍ਰੇਰਿਤ ਹੈ। ਅੱਜ ਇਹ ਦੇਸ਼ ਦੇ ਪ੍ਰਮੁੱਖ ਸੰਸਥਾਨਾਂ ਵਿੱਚ ਗਿਣਿਆ ਜਾਂਦਾ ਹੈ। ਉਨ੍ਹਾਂ ਨੇ ਕਈ ਵਿਸ਼ਿਆਂ 'ਤੇ ਪੁਸਤਕਾਂ ਵੀ ਲਿਖੀਆਂ ਹਨ। 23 ਨਵੰਬਰ, 1937 ਨੂੰ ਜਗਦੀਸ਼ ਚੰਦ੍ਰ ਬੋਸ ਦਾ ਦੇਹਾਂਤ ਹੋ ਗਿਆ।

ਅਜਿਹਾ ਕਿਹਾ ਜਾਂਦਾ ਹੈ ਕਿ ਵਿਗਿਆਨ ਦੇ ਨਾਲ-ਨਾਲ ਜਗਦੀਸ਼ ਚੰਦ੍ਰ ਬੋਸ ਇੱਕ ਅਜਿਹੇ ਵਿਅਕਤੀ ਵੀ ਰਹੇ ਹਨ ਜਿਨ੍ਹਾਂ ਨੇ ਘੱਟ ਤਨਖਾਹ ਦੇ ਖ਼ਿਲਾਫ਼ ਅੰਗ੍ਰੇਜ਼ਾਂ ਦਾ ਵਿਰੋਧ ਕੀਤਾ ਅਤੇ ਆਪਣੇ ਅਧਿਕਾਰ ਦੇ ਲਈ 'ਸੱਤਿਆਗ੍ਰਹਿ' ਕੀਤਾ ਸੀ। 25 ਫਰਵਰੀ 2018 ਨੂੰ ਮਨ ਕੀ ਬਾਤ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਰ ਜਗਦੀਸ਼ ਚੰਦ੍ਰ ਬੋਸ ਨੂੰ ਭਾਰਤ ਦਾ ਮਾਣ ਦੱਸਿਆ ਸੀ। ਇੰਨਾ ਹੀ ਨਹੀਂ, 4 ਜਨਵਰੀ 2021 ਨੂੰ ਉਨ੍ਹਾਂ ਨੇ ਕਿਹਾ ਸੀ ਕਿ ਜਗਦੀਸ਼ ਚੰਦ੍ਰ ਬੋਸ ਨੇ ਕੋਲਕਾਤਾ ਦੇ ਪ੍ਰੈਜ਼ੀਡੈਂਸੀ ਕਾਲਜ ਵਿੱਚ ਮਾਈਕ੍ਰੋਵੇਵ ਦੇ ਸਿਧਾਂਤ ਨੂੰ ਪੇਸ਼ ਕੀਤਾ। ਸਰ ਬੋਸ ਉਸ ਦੇ ਵਪਾਰਕ ਵਰਤੋਂ ਦੀ ਦਿਸ਼ਾ ਵਿੱਚ ਨਹੀਂ ਵਧੇ, ਪਰ ਅੱਜ ਰੇਡੀਓ ਸੰਚਾਰ ਪ੍ਰਣਾਲੀ ਉਸੇ ਸਿਧਾਂਤ 'ਤੇ ਖੜ੍ਹਾ ਹੈ।





ਇੰਡੀਆ ਕੈਮ 2026

ਮਜ਼ਬੂਤ ਹੁੰਦੀ ਆਲਮੀ ਸਾਂਝੇਦਾਰੀ

ਵਿਕਸਿਤ ਅਤੇ ਆਤਮਨਿਰਭਰ ਭਾਰਤ ਦੇ ਲਈ ਵਿਸ਼ਵ ਪੱਧਰੀ ਰਸਾਇਣ ਅਤੇ ਪੈਟਰੋ-ਕੈਮੀਕਲ ਉਦਯੋਗ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ। ਇਹੀ ਕਾਰਨ ਹੈ ਕਿ ਸਰਕਾਰ ਦੇਸ਼ ਵਿੱਚ ਰਸਾਇਣ ਖੇਤਰ ਦੇ ਲਈ ਸਭ ਤੋਂ ਅਨੁਕੂਲ ਮਾਹੌਲ ਉਪਲਬਧ ਕਰਵਾ ਰਹੀ ਹੈ। ਇਸੇ ਕੜੀ ਵਿੱਚ 22 ਅਕਤੂਬਰ ਨੂੰ ਮੁੰਬਈ ਵਿੱਚ ਇੰਡੀਆ ਕੈਮ 2026 ਦੇ 14ਵੇਂ ਸੰਸਕਰਣ ਦਾ ਉਦਘਾਟਨ ਕੀਤਾ ਗਿਆ। ਇੰਡੀਆ ਕੈਮ 2026 ਦਾ ਉਦੇਸ਼ ਆਲਮੀ ਸਾਂਝੇਦਾਰੀਆਂ ਨੂੰ ਮਜ਼ਬੂਤ ਕਰਨਾ, ਨਿਵੇਸ਼ ਆਕਰਸ਼ਿਤ ਕਰਨਾ ਅਤੇ ਰਸਾਇਣ ਅਤੇ ਪੈਟਰੋ-ਕੈਮੀਕਲ ਖੇਤਰ ਵਿੱਚ ਟਿਕਾਊ ਵਿਕਾਸ ਨੂੰ ਦੇਣਾ ਹੈ ਹੁਲਾਰਾ...

ਦੂਰੇ 2047 ਤੱਕ ਰਾਸ਼ਟਰ, ਵਿਕਸਿਤ ਭਾਰਤ ਦਾ ਟੀਚਾ ਹਾਸਲ ਕਰਨਾ ਚਾਹੁੰਦਾ ਹੈ ਜਿਸ ਵਿੱਚ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਤਿੰਨ ਨਵੇਂ ਸਮਰਪਿਤ ਰਸਾਇਣ ਪਾਰਕਾਂ ਦੇ ਲਈ ਭਾਰਤ ਉਦਯੋਗਿਕ ਵਿਕਾਸ ਯੋਜਨਾ (ਭਾਵਯਾ) ਮਹੱਤਵਪੂਰਨ ਭੂਮਿਕਾ ਨਿਭਾਵੇਗਾ। ਇੰਡੀਆ ਕੈਮ 2026 ਦੇ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਕਾਰੋਬਾਰ ਕਰਨਾ ਅਸਾਨ ਬਣਾਉਣ ਦੇ ਯਤਨਾਂ ਅਤੇ ਭਾਰਤ ਦੇ ਮੁਕਤ ਵਪਾਰ ਸਮਝੌਤਿਆਂ ਦੇ ਵਧਦੇ ਨੈੱਟਵਰਕ ਨਾਲ ਨਿਵੇਸ਼ ਅਤੇ ਅੰਤਰਰਾਸ਼ਟਰੀ ਬਜ਼ਾਰਾਂ ਤੱਕ ਪਹੁੰਚ ਦੇ ਨਵੇਂ ਮੌਕੇ ਖੁੱਲ੍ਹ ਰਹੇ ਹਨ। ਉਨ੍ਹਾਂ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਭਾਰਤੀ ਰਸਾਇਣ ਨਿਰਮਾਤਾ ਇਨ੍ਹਾਂ ਮੌਕਿਆਂ ਦਾ ਲਾਭ ਉਠਾ ਕੇ ਆਲਮੀ ਸਪਲਾਈ ਚੇਨ ਵਿੱਚ ਆਪਣੀ ਭਾਗੀਦਾਰੀ ਮਜ਼ਬੂਤ ਕਰਨਗੇ।

ਕੇਂਦਰੀ ਰਸਾਇਣ ਅਤੇ ਫਰਟੀਲਾਈਜ਼ਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੇ. ਪੀ. ਨੱਡਾ ਨੇ ਇੰਡੀਆ ਕੈਮ 2026 ਦੇ 14ਵੇਂ ਸੰਸਕਰਣ ਦਾ ਉਦਘਾਟਨ ਕੀਤਾ। ਭਾਰਤ ਦੇ ਨਾਲ ਆਰਥਿਕ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਜਪਾਨ ਇਸ ਆਯੋਜਨ ਦਾ ਸਾਂਝੇਦਾਰ ਦੇਸ਼ ਬਣਿਆ ਜਿਸ ਨਾਲ ਰਸਾਇਣ ਅਤੇ ਪੈਟ੍ਰੋਕੈਮੀਕਲ ਖੇਤਰ ਵਿੱਚ ਸਹਿਯੋਗ ਦੇ ਨਵੇਂ ਮੌਕੇ ਖੁੱਲਣਗੇ।

ਭਾਰਤੀ ਰਸਾਇਣ ਉਦਯੋਗ ਖੇਤਰ ਦੇ ਵਿਕਾਸ ਦੀਆਂ ਸੰਭਾਵਨਾਵਾਂ ਮਜ਼ਬੂਤ

- ਭਾਰਤੀ ਰਸਾਇਣ ਉਦਯੋਗ ਦੇ ਵਰ੍ਹੇ 2030 ਤੱਕ 300 ਅਰਬ ਡਾਲਰ ਅਤੇ ਵਰ੍ਹੇ 2040 ਤੱਕ ਇੱਕ ਟ੍ਰਿਲੀਅਨ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਹੈ।
- ਘਰੇਲੂ ਮੰਗ ਵਿੱਚ ਵਾਧਾ, ਨਿਰਯਾਤ ਦੇ ਵਧਦੇ ਮੌਕੇ, ਭਾਰਤ ਦੀ ਵੱਡੀ ਨੌਜਵਾਨ ਆਬਾਦੀ, ਪ੍ਰਤੀ ਵਿਅਕਤੀ ਮੁਕਾਬਲਾਤਨ ਘੱਟ ਖਪਤ ਅਤੇ ਸਰਕਾਰ ਦੀ ਸਹਾਇਕ ਪਹਿਲਕਦਮੀਆਂ ਨਾਲ ਇਸ ਖੇਤਰ ਦੇ ਵਿਕਾਸ ਦੀਆਂ ਸੰਭਾਵਨਾਵਾਂ ਮਜ਼ਬੂਤ।

ਅੱਠ ਹਜ਼ਾਰ ਤੋਂ ਵੱਧ ਪ੍ਰਤੀਨਿਧੀ ਸ਼ਾਮਲ ਹੋਏ

- ਆਯੋਜਨ ਵਿੱਚ ਜਪਾਨ, ਅਮਰੀਕਾ, ਕੈਨੇਡਾ, ਬ੍ਰਿਟੇਨ, ਯੂਰੋਪੀ ਸੰਘ ਦੇ ਦੇਸ਼, ਲੈਟਿਨ ਅਮਰੀਕਾ, ਦੱਖਣ ਕੋਰੀਆ ਸਮੇਤ ਕਈ ਦੇਸ਼ਾਂ ਦੇ ਪ੍ਰਤੀਨਿਧੀ ਸ਼ਾਮਲ।
- ਪ੍ਰੋਗਰਾਮ ਵਿੱਚ ਭਾਰਤ ਅਤੇ ਵਿਦੇਸ਼ਾਂ ਦੇ 200 ਤੋਂ ਵੱਧ ਪ੍ਰਦਰਸ਼ਕ, ਦੇਸ਼-ਵਿਦੇਸ਼ ਤੋਂ ਅੱਠ ਹਜ਼ਾਰ ਤੋਂ ਵੱਧ ਕਾਰੋਬਾਰੀ ਅਤੇ 50 ਪ੍ਰਮੁੱਖ ਭਾਰਤੀ ਅਤੇ ਅੰਤਰਰਾਸ਼ਟਰੀ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ਼ਾਮਲ ਹੋਏ।

ਇੰਡੀਆ ਕੈਮ 2026 ਸਾਰਥਕ ਵਿਚਾਰ-ਵਟਾਂਦਰੇ ਨੂੰ ਪ੍ਰੋਤਸਾਹਿਤ ਕਰੇਗਾ ਅਤੇ ਅਜਿਹੀਆਂ ਸਾਂਝੇਦਾਰੀਆਂ ਦਾ ਰਾਹ ਪੱਧਰਾ ਕਰੇਗਾ ਜੋ ਇਸ ਖੇਤਰ ਦੇ ਦੀਰਘਕਾਲੀ ਵਿਕਾਸ ਵਿੱਚ ਯੋਗਦਾਨ ਦੇਣਗੇ। **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਸਰਦਾਰ ਪਟੇਲ ਨੇ ਰੱਖਿਆ...

ਹਿਮਾਲਿਆ ਤੋਂ ਹਿੰਦ ਮਹਾਸਾਗਰ ਤੱਕ ਭਾਰਤ ਨੂੰ ਸੁਰੱਖਿਅਤ

ਸਰਦਾਰ ਪਟੇਲ ਦੀ 151ਵੀਂ ਜਯੰਤੀ (ਏਕਤਾ ਦਿਵਸ) 'ਤੇ ਆਯੋਜਿਤ ਸ਼ਾਨਦਾਰ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਸਰਦਾਰ ਸਾਹੇਬ ਦੀ ਭੂਮਿਕਾ ਇਤਿਹਾਸਕ ਰਹੀ। ਹਿਮਾਲਿਆ ਤੋਂ ਲੈ ਕੇ ਹਿੰਦ ਮਹਾਸਾਗਰ ਤੱਕ ਭਾਰਤ ਨੂੰ ਸੁਰੱਖਿਅਤ ਰੱਖਣ ਦੇ ਸਰਦਾਰ ਪਟੇਲ ਦੀਆਂ ਨੀਤੀਆਂ ਨੂੰ ਅੱਗੇ ਵਧਾਉਂਦੇ ਹੋਏ ਕੇਂਦਰ ਸਰਕਾਰ ਨੇ ਪੁਲਾੜ ਸੁਰੱਖਿਆ ਦੇ ਮੋਰਚੇ 'ਤੇ ਨਕਸਲਵਾਦ ਦੇ ਖ਼ਿਲਾਫ਼ ਫੈਸਲਾਕੁੰਨ ਹਮਲਾ ਕੀਤਾ ਹੈ। ਨਾਲ ਹੀ, ਵਿਸ਼ਵ ਬੈਂਕ ਦੇ ਅੰਕੜਿਆਂ ਦੇ ਅਨੁਸਾਰ ਪਿਛਲੇ ਇੱਕ ਦਹਾਕੇ ਵਿੱਚ ਲਗਭਗ 50 ਕਰੋੜ ਨਾਗਰਿਕ ਗ਼ਰੀਬੀ ਤੋਂ ਬਾਹਰ ਕੱਢੇ ਹਨ ਜੋ ਨਵੇਂ, ਸਸ਼ਕਤ ਅਤੇ ਆਤਮਨਿਰਭਰ ਭਾਰਤ ਦੇ ਇਸ ਸ਼ਾਨਦਾਰ ਪਰਿਵਰਤਨ ਨੂੰ ਕਰਦਾ ਹੈ ਪ੍ਰਮਾਣਿਤ...




ਗੁਜਰਾਤ ਦੇ ਏਕਤਾ ਨਗਰ ਵਿੱਚ 31 ਅਕਤੂਬਰ ਨੂੰ ਆਯੋਜਿਤ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸੁਤੰਤਰਤਾ ਕਿਸੇ ਰਾਸ਼ਟਰ ਨੂੰ ਆਪਣਾ ਭਵਿੱਖ ਖ਼ੁਦ ਤੈਅ ਕਰਨ ਦਾ ਅਧਿਕਾਰ ਦਿੰਦੀ ਹੈ, ਉੱਥੇ ਹੀ ਏਕਤਾ ਪੂਰੇ ਦੇਸ਼ ਨੂੰ ਇਕੱਠੇ ਅੱਗੇ ਵਧਣ ਦੀ ਸ਼ਕਤੀ ਪ੍ਰਦਾਨ ਕਰਦੀ ਹੈ। ਇਹੀ ਵਜ੍ਹਾ ਹੈ ਕਿ ਅੱਜ ਦੇਸ਼ ਵਿੱਚ ਸੁਤੰਤਰਤਾ ਦਿਵਸ, ਗਣਤੰਤਰ ਦਿਵਸ ਅਤੇ ਏਕਤਾ ਦਿਵਸ, ਤਿੰਨ ਤਿਉਹਾਰਾਂ ਨੂੰ ਪੂਰੇ ਉਤਸ਼ਾਹ ਅਤੇ ਉਮੰਗ ਦੇ ਨਾਲ ਮਨਾਇਆ ਜਾਂਦਾ ਹੈ। ਏਕਤਾ ਦਿਵਸ ਹੁਣ ਸਿਰਫ਼ ਰਸਮੀ ਆਯੋਜਨਾਂ ਤੱਕ ਸੀਮਤ ਨਹੀਂ ਰਹਿ ਗਿਆ ਹੈ, ਸਗੋਂ ਜਨਭਾਗੀਦਾਰੀ ਨਾਲ ਜੁੜਿਆ ਜਨ ਗੌਰਵ ਦਾ ਉਤਸਵ ਬਣ ਗਿਆ ਹੈ। ਸਰਦਾਰ ਪਟੇਲ ਨੂੰ ਇੱਕ ਮਹਾਨ ਇਤਿਹਾਸਕ ਸ਼ਖਸੀਅਤ ਦੱਸਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੇਸ਼ ਦੇ ਵਰਤਮਾਨ ਭੂਗੋਲਿਕ ਅਤੇ ਰਾਜਨੀਤਿਕ ਸਰੂਪ ਨੂੰ ਆਕਾਰ ਦੇਣ ਵਿੱਚ ਉਨ੍ਹਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ।

ਸਰਦਾਰ ਪਟੇਲ ਨੇ ਦੇਸ਼ ਨੂੰ ਭੂਗੋਲਿਕ ਅਤੇ ਭਾਵਨਾਤਮਕ, ਦੋਵਾਂ ਰੂਪਾਂ ਵਿੱਚ ਇਕਜੁੱਟ ਕਰਕੇ ਆਧੁਨਿਕ ਭਾਰਤ ਦੀ ਨੀਂਹ ਰੱਖੀ। ਰਾਸ਼ਟਰ ਦੇ ਸੱਭਿਆਚਾਰਕ

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਬਨਾਸਕਾਂਠਾ ਵਿੱਚ ਪ੍ਰਧਾਨ ਮੰਤਰੀ
ਪਸ਼ੂ ਪ੍ਰਜਨਨ ਅਤੇ ਖੋਜ ਕੇਂਦਰ



ਬਨਾਸਕਾਂਠਾ ਦੇ ਭਿਲਡੀ ਵਿਖੇ ਸਥਿਤ 'ਪਸ਼ੂ ਪ੍ਰਜਨਨ ਅਤੇ ਖੋਜ ਕੇਂਦਰ' (BBRC) ਨੂੰ ਦੇਸ਼ ਨੂੰ ਸਮਰਪਿਤ ਕੀਤਾ ਗਿਆ। 127 ਏਕੜ ਵਿੱਚ ਫੈਲਿਆ ਇਹ ਅਦਾਰਾ ਇੱਕ ਅਤਿ-ਆਧੁਨਿਕ ਉੱਤਮਤਾ ਕੇਂਦਰ ਵਜੋਂ ਸਥਾਪਿਤ ਕੀਤਾ ਗਿਆ ਹੈ। ਇਹ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਅਜਿਹੀ ਸਹੂਲਤ ਹੈ ਜੋ ਵਿਸ਼ੇਸ਼ ਤੌਰ 'ਤੇ ਪਸ਼ੂਆਂ ਦੀ 'ਕਾਂਕਰੇਜ' ਨਸਲ ਨੂੰ ਸਮਰਪਿਤ ਹੈ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਮਹੱਤਵਪੂਰਨ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ...

- ਥਰਾਦ ਅਤੇ ਰਾਧਨਪੁਰ ਵਿੱਚ ਦੋ 'ਬਨਾਸ ਡੇਅਰੀ' ਬਾਇਓ-ਸੀਐੱਨਜੀ ਪਲਾਂਟਾਂ ਦਾ ਨੀਂਹ ਪੱਥਰ ਰੱਖਿਆ ਗਿਆ। ਇਨ੍ਹਾਂ ਪਲਾਂਟਾਂ ਵਿੱਚ ਕ੍ਰਮਵਾਰ ਰੋਜ਼ਾਨਾ 75 ਅਤੇ 100 ਮੀਟ੍ਰਿਕ ਟਨ ਪਸ਼ੂਆਂ ਦੇ ਗੋਬਰ ਨੂੰ ਪ੍ਰੋਸੈੱਸ ਕਰਨ ਦੀ ਸਮਰੱਥਾ ਹੋਵੇਗੀ।
- ਅਹਿਮਦਾਬਾਦ ਮੈਟ੍ਰੋ ਫੇਜ-2ਏ (ਹਵਾਈ ਅੱਡਾ ਵਿਸਤਾਰ) ਅਤੇ ਫੇਜ-2ਬੀ (ਗਿਫਟ ਸਿਟੀ ਵਿਸਤਾਰ) ਦਾ ਨੀਂਹ ਪੱਥਰ। ਫੇਜ-2ਏ ਦੀ ਲੰਬਾਈ 6 ਕਿਲੋਮੀਟਰ ਤੋਂ ਵੱਧ ਹੋਵੇਗੀ, ਜਿਸ ਵਿੱਚ ਕੋਟੇਸ਼ਵਰ ਰੋਡ ਤੋਂ ਏਅਰਪੋਰਟ ਤੱਕ ਪੰਜ ਸਟੇਸ਼ਨ ਸ਼ਾਮਲ ਹੋਣਗੇ, ਜਦੋਂ ਕਿ ਫੇਜ-2ਬੀ ਦੀ ਲੰਬਾਈ 3.3 ਕਿਲੋਮੀਟਰ ਤੋਂ ਵੱਧ ਹੋਵੇਗੀ।
- ਲਗਭਗ 2,600 ਕਰੋੜ ਰੁਪਏ ਦੀ ਲਾਗਤ ਨਾਲ ਅਹਿਮਦਾਬਾਦ-ਮੇਹਸਾਣਾ ਸੜਕ (ਸੂਬਾ ਰਾਜਮਾਰਗ-41) ਨੂੰ ਚਾਰ ਲੇਨ ਤੋਂ ਅੱਠ ਲੇਨ ਵਿੱਚ ਅੱਪਗ੍ਰੇਡ ਅਤੇ ਮਜ਼ਬੂਤ ਕਰਨ ਦਾ ਨੀਂਹ ਪੱਥਰ।
- 4,030 ਨਵੇਂ ਬਾਲ-ਅਨੁਕੂਲ ਆਂਗਨਵਾੜੀ ਕੇਂਦਰਾਂ ਦਾ ਨੀਂਹ ਪੱਥਰ, ਗੁਜਰਾਤ ਦੇ 361 ਪੂਰਨ ਬਾਲ-ਅਨੁਕੂਲ ਆਂਗਨਵਾੜੀ ਕੇਂਦਰਾਂ ਦਾ ਉਦਘਾਟਨ।
- ਲਗਭਗ 4,950 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਧਾਨ ਮੰਤਰੀ ਖੇਤੀਬਾੜੀ ਬੁਨਿਆਦੀ ਢਾਂਚੇ ਫੰਡ ਦੇ ਤਹਿਤ ਪੂਰੇ ਕੀਤੇ ਗਏ 521 ਪ੍ਰੋਜੈਕਟ ਰਾਸ਼ਟਰ ਨੂੰ ਸਮਰਪਿਤ।
- ਦੇਸ਼ ਭਰ ਦੇ ਕਿਸਾਨਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦੇ ਹੋਏ 19,000 ਕਰੋੜ ਰੁਪਏ ਦੀ ਪੀਐੱਮ-ਕਿਸਾਨ ਦੀ 24ਵੀਂ ਕਿਸ਼ਤ ਜਾਰੀ।

400 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ...

- ਏਕਤਾ ਨਗਰ ਵਿੱਚ 400 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ।

ਮੁੜ-ਬਹਾਲੀ ਦੀ ਸ਼ੁਰੂਆਤ ਕਰਨ ਵਿੱਚ ਵੀ ਸਰਦਾਰ ਪਟੇਲ ਦੀ ਮਹੱਤਵਪੂਰਨ ਭੂਮਿਕਾ ਰਹੀ। ਗੁਜਰਾਤ ਵਿੱਚ ਸੋਮਨਾਥ ਮੰਦਿਰ ਦੇ ਮੁੜ-ਨਿਰਮਾਣ ਰਾਹੀਂ ਉਨ੍ਹਾਂ ਨੇ ਦੇਸ਼ ਦੇ ਸੱਭਿਆਚਾਰ ਪੁਨਰ-ਜਾਗਰਣ ਦਾ ਰਾਹ ਵੀ ਪੱਧਰਾ ਕੀਤਾ। ਰਾਸ਼ਟਰੀ ਏਕਤਾ ਦੇ ਸ਼ਾਨਦਾਰ ਆਯੋਜਨਾਂ, ਆਲਮੀ ਮੰਚ 'ਤੇ ਭਾਰਤ ਦੇ ਵਧਦੇ ਕਦ, ਤੇਜ਼ ਆਰਥਿਕ ਵਿਕਾਸ ਅਤੇ ਕਾਸ਼ੀ ਵਿਸ਼ਵਨਾਥ ਤੋਂ ਲੈ ਕੇ ਰਾਮ ਮੰਦਿਰ ਤੱਕ ਹੋ ਰਹੇ ਸੱਭਿਆਚਾਰ ਪੁਨਰ-ਜਾਗਰਣ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੇਸ਼ ਅੱਜ ਉਸੇ ਰਾਹ 'ਤੇ ਅੱਗੇ ਵਧ ਰਿਹਾ ਹੈ, ਜਿਸ ਦੀ ਕਲਪਨਾ ਸਰਦਾਰ ਪਟੇਲ ਨੇ ਕੀਤੀ ਸੀ।

ਸਰਦਾਰ ਪਟੇਲ ਦੀ 150ਵੀਂ ਜਯੰਤੀ ਦੇ ਮੌਕੇ 'ਤੇ ਦੇਸ਼ ਭਰ ਵਿੱਚ ਦੋ ਵਰ੍ਹਿਆਂ ਤੱਕ ਚਲੇ ਸਮਾਰੋਹਾਂ ਨੂੰ ਯਾਦ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਦੌਰਾਨ ਦੇਸ਼ ਨੇ ਕਈ ਮਹੱਤਵਪੂਰਨ ਸੰਕਲਪ ਲਏ ਸਨ। ਉਨ੍ਹਾਂ ਨੇ ਸਰਦਾਰ ਪਟੇਲ ਦੀ 151ਵੀਂ ਜਯੰਤੀ 'ਤੇ ਇਸ ਗੱਲ 'ਤੇ ਸੰਤੋਸ਼ ਪ੍ਰਗਟ ਕੀਤਾ ਕਿ ਦੇਸ਼ ਨੇ ਇਨ੍ਹਾਂ ਸੰਕਲਪਾਂ ਨੂੰ ਬਹੁਤ ਹੀ ਘੱਟ ਸਮੇਂ ਵਿੱਚ ਪੂਰਾ ਕਰ ਲਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ, "ਇਨ੍ਹਾਂ ਦੋ ਵਰ੍ਹਿਆਂ ਵਿੱਚ ਦੇਸ਼ ਨੇ ਕਈ ਅਜਿਹੇ ਰਿਕਾਰਡ ਸਥਾਪਿਤ ਕੀਤੇ ਹਨ, ਜੋ ਪਹਿਲਾਂ ਕਦੇ ਨਹੀਂ ਬਣੇ ਸਨ।"

ਪੀਐੱਮ ਮੋਦੀ ਨੇ ਸਰਦਾਰ ਪਟੇਲ ਦੀ 150ਵੀਂ ਜਯੰਤੀ ਦੇ ਮੌਕੇ 'ਤੇ ਉਨ੍ਹਾਂ ਦੇ ਚਰਣਾਂ ਵਿੱਚ ਲਈ ਗਈ ਨਕਸਲਵਾਦ ਅਤੇ ਮਾਓਵਾਦੀ ਅੱਤਵਾਦ ਦੇ ਪੂਰੀ ਤਰ੍ਹਾਂ ਖ਼ਤਮ ਹੋਣ ਤੱਕ ਆਰਾਮ ਨਾਲ ਨਾ ਬੈਠਣ ਦੀ ਉਸ ਸਹੁੰ ਨੂੰ ਯਾਦ ਕਰਦੇ ਹੋਏ ਕਿਹਾ ਕਿ ਸਿਰਫ਼ ਇੱਕ ਵਰ੍ਹੇ ਦੇ ਅੰਦਰ ਕੱਟੜਪੰਥੀ ਅੱਤਵਾਦ ਦੀ ਕਮਰ ਟੁੱਟ ਗਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦਹਾਕਿਆਂ ਤੱਕ ਹਿੰਸਾ ਤੋਂ ਪ੍ਰਭਾਵਿਤ ਰਹੇ ਖੇਤਰ ਹੁਣ ਵਿਕਾਸ ਦੀ ਮੁੱਖਧਾਰਾ ਨਾਲ ਜੁੜ ਰਹੇ ਹਨ। ਵਿਸ਼ਵ ਬੈਂਕ ਦੀ ਇੱਕ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਵਰ੍ਹੇ 2024 ਤੋਂ ਪਹਿਲਾਂ ਦੇ 10-12 ਵਰ੍ਹਿਆਂ ਦੌਰਾਨ 50 ਕਰੋੜ ਭਾਰਤੀ ਗ਼ਰੀਬੀ ਤੋਂ ਬਾਹਰ ਨਿਕਲੇ। ਪਹਿਲਾਂ ਜਿੱਥੇ ਹਰ 100 ਵਿੱਚੋਂ 27 ਲੋਕ ਅਤਿਅਧਿਕ ਗ਼ਰੀਬੀ ਦੀ ਚਪੇਟ ਵਿੱਚ ਸਨ, ਉੱਥੇ ਅੱਜ ਇਹ ਗਿਣਤੀ 3 ਤੋਂ ਵੀ ਘੱਟ ਰਹਿ ਗਈ ਹੈ। ■

12ਵਾਂ ਸੰਵਿਧਾਨ ਦਿਵਸ ਵਿਸ਼ੇਸ਼

ਕਵਰ ਸਟੋਰੀ

ਜਦੋਂ 'ਵੀ ਦ ਪੀਪੁਲ' ਬਣਿਆ ਜਨ-ਜਨ ਦਾ ਉਤਸਵ




ਉਦੋਂ ਦੇਸ਼ ਦੀ ਆਬਾਦੀ ਮੁਸ਼ਕਲ ਨਾਲ 36 ਕਰੋੜ ਸੀ, ਸੰਸਾਧਨ ਸੀਮਤ ਸਨ ਅਤੇ ਚੁਣੌਤੀਆਂ ਅਨੰਤ... ਫਿਰ ਵੀ ਸੰਵਿਧਾਨ ਸਭਾ ਨੇ ਆਪਣੀ ਅਣਥੱਕ ਮਿਹਨਤ ਨਾਲ 26 ਨਵੰਬਰ 1949 ਨੂੰ ਜੋ ਅਮਰ ਦਸਤਾਵੇਜ਼ ਰਾਸ਼ਟਰ ਨੂੰ ਸੌਂਪਿਆ, ਉਸ ਨੇ ਹਰ ਭਾਰਤੀ ਦੇ ਸੁਪਨਿਆਂ, ਸੰਘਰਸ਼ਾਂ ਅਤੇ ਇੱਛਾਵਾਂ ਨੂੰ ਸ਼ਬਦਾਂ ਵਿੱਚ ਪਿਰੋ ਦਿੱਤਾ। ਸ਼ਾਇਦ ਹੀ ਕਿਸੇ ਨੇ ਉਦੋਂ ਸੋਚਿਆ ਹੋਵੇਗਾ ਕਿ ਇਹ ਇਤਿਹਾਸਕ ਮਿਤੀ ਖੁਦ ਇਤਿਹਾਸ ਦੇ ਪੰਨਿਆਂ ਵਿੱਚ ਕਿਤੇ ਗੁੰਮ ਹੋ ਜਾਵੇਗੀ। ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਰ੍ਹੇ 2015 ਵਿੱਚ ਭੁੱਲੀ-ਬਿਸਰੀ ਮਿਤੀ ਨੂੰ ਮੁੜ- ਸੁਰਜੀਤ ਕਰਕੇ ਸੰਵਿਧਾਨ ਦਿਵਸ ਨੂੰ ਸੱਚਮੁੱਚ ਜਨ-ਜਨ ਦਾ ਉਤਸਵ ਬਣਾ ਦਿੱਤਾ।

ਇਸ 26 ਨਵੰਬਰ, ਦੇਸ਼ 12ਵਾਂ ਸੰਵਿਧਾਨ ਦਿਵਸ ਮਨਾਏਗਾ, 77 ਵਰ੍ਹਿਆਂ ਦੀ ਉਸ ਨਿਰੰਤਰ ਯਾਤਰਾ ਦਾ ਉਤਵਸ, ਜਿਸ ਵਿੱਚ ''ਵੀ ਦ ਪੀਪੁਲ'' ਦਾ ਸੱਦਾ ਹੁਣ ਸਿਰਫ਼ ਪ੍ਰਸਤਾਵਨਾ ਦੇ ਤਿੰਨ ਸ਼ਬਦਾਂ ਤੱਕ ਸੀਮਤ ਨਹੀਂ ਰਿਹਾ। ਇਹ ਭਾਵਨਾ ਅੱਜ ਹਰ ਨਵੇਂ ਨਿਆਂ-ਕਾਨੂੰਨ ਦੀ ਨਿਰਪੱਖਤਾ ਵਿੱਚ ਸਾਹ ਲੈਂਦੀ ਹੈ, ਹਰ ਲਾਭਪਾਤਰੀ ਦੇ ਸਿਰ 'ਤੇ ਬਣੀ ਪੱਕੀ ਛੱਤ ਵੀ ਜੀਵੰਤ ਹੁੰਦੀ ਹੈ, ਕਿਸਾਨ ਦੇ ਖਾਤੇ ਵਿੱਚ ਸਿੱਧੇ ਤੌਰ 'ਤੇ ਪੈਂਦੀ ਬਰਾਬਰ ਰਾਸ਼ੀ ਵਿੱਚ ਧੜਕਦੀ ਹੈ ਅਤੇ ਸਰਲ ਹੁੰਦੇ ਜੀਐੱਸਟੀ ਢਾਂਚੇ ਵਿੱਚ ਮੁਸਕੁਰਾਉਂਦੀ ਹੈ। ਲੋਕਤੰਤਰ ਦੀ ਜਨਨੀ ਭਾਰਤ ਦਾ ਇਹ ਮਾਣ ਅੱਜ ਵਿਸ਼ਵ ਮੰਚ ਤੋਂ ਗੂੰਜ ਰਿਹਾ ਹੈ, ਇਹੀ ਹੈ ਸੰਕਲਪ ਸੇ ਸਿੱਧੀ ਤੱਕ ਦੀ ਉਹ ਯਾਤਰਾ ਜੋ ਵਿਕਸਿਤ ਭਾਰਤ ਵੱਲ ਅੱਗੇ ਵਧ ਰਹੀ ਹੈ, ਜਿਸ ਦੇ ਲਈ ਸੰਵਿਧਾਨ ਹੁਣ ਸਿਰਫ਼ ਗ੍ਰੰਥ ਮਾਤਰ ਨਹੀਂ, ਸਗੋਂ ਬਣ ਚੁੱਕਿਆ ਹੈ 140 ਕਰੋੜ ਭਾਰਤੀਆਂ ਦੀ ਸਾਂਝੀ ਆਤਮਾ...

ਮਨੁੱਖ ਦੁਆਰਾ ਰਚੇ ਕਿਸੇ ਦਸਤਾਵੇਜ਼ ਨੂੰ ਜੇਕਰ ਸੱਚਮੁੱਚ ਅਮਰ ਕਿਹਾ ਜਾ ਸਕਦਾ ਹੈ ਤਾਂ ਉਹ ਭਾਰਤ ਦਾ ਸੰਵਿਧਾਨ ਹੈ। ਬੀਤੇ 12 ਵਰ੍ਹਿਆਂ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਵਿਧਾਨ ਨੂੰ ਰਾਸ਼ਟਰ ਦਾ ਪਵਿੱਤਰ ਗ੍ਰੰਥ ਅਤੇ ਪਥ-ਪ੍ਰਦਰਸ਼ਕ ਮੰਨਦੇ ਹੋਏ ਵਿਕਾਸ ਦਾ ਅਜਿਹਾ ਅਧਾਰ ਥੰਮ੍ਹ ਖੜ੍ਹਾ ਕੀਤਾ ਹੈ, ਜਿਸ ਤੋਂ ਦੇਸ਼ ਦਹਾਕਿਆਂ ਤੱਕ ਵਾਂਝਾ ਰਿਹਾ। ਜਿਨ੍ਹਾਂ ਸਮੱਸਿਆਵਾਂ ਨੂੰ ਪਹਿਲਾਂ ਨੀਅਤੀ ਮੰਨ ਕੇ ਰਾਜਨੇਤਾ ਹੱਥ ਲਗਾਉਣ ਤੋਂ ਬਚਦੇ ਸਨ, ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਛੋਹਿਆ ਵੀ ਅਤੇ ਹੱਲ ਕਰਕੇ ਵੀ ਦਿਖਾਇਆ। ਸੰਵਿਧਾਨ ਹੁਣ ਸਿਰਫ਼ ਕਾਨੂੰਨ ਦੀ ਕਿਤਾਬ ਨਹੀਂ, ਸਗੋਂ ਸਹੀ ਮਾਇਨਿਆਂ ਵਿੱਚ ਇੱਕ ਸਮਾਜਿਕ ਦਸਤਾਵੇਜ਼ ਬਣ ਚੁੱਕਿਆ ਹੈ। ਇਸ 26 ਨਵੰਬਰ ਨੂੰ ਦੇਸ਼ 12ਵਾਂ ਸੰਵਿਧਾਨ ਦਿਵਸ ਮਨਾ ਰਿਹਾ ਹੈ, ਸੰਵਿਧਾਨ ਨੂੰ ਅਪਣਾਏ ਜਾਣ ਦੇ 77 ਵਰ੍ਹੇ ਪੂਰੇ ਹੋਣਗੇ। ਅਜਿਹੇ ਵਿੱਚ ਬੀਤੇ ਇੱਕ ਦਹਾਕੇ ਤੋਂ ਵੱਧ ਸਮੇਂ ਵਿੱਚ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ, ਸਬਕਾ ਪ੍ਰਯਾਸ' ਸੰਵਿਧਾਨ ਦੀ ਭਾਵਨਾ ਦਾ ਸਭ ਤੋਂ ਸ਼ਕਤੀਸ਼ਾਲੀ ਪ੍ਰਗਟੀਕਰਣ ਬਣ ਗਿਆ ਹੈ।

ਇੱਕ ਭੁੱਲੀ-ਬਿਸਰੀ ਮਿਤੀ ਤੋਂ ਰਾਸ਼ਟਰੀ ਉਤਸਵ ਤੱਕ

ਜਦੋਂ ਭਾਰਤ ਦਾ ਸੰਵਿਧਾਨ 26 ਨਵੰਬਰ 1949 ਨੂੰ ਅਪਣਾਇਆ ਗਿਆ, ਤਾਂ ਇਹ ਇਤਿਹਾਸਕ ਦਿਨ ਦਹਾਕਿਆਂ ਤੱਕ ਇਤਿਹਾਸ ਦੇ ਪੰਨਿਆਂ ਵਿੱਚ ਦਬਿਆ ਰਿਹਾ। ਇਸ ਮਿਤੀ ਨੂੰ ਰਸਮੀ ਤੌਰ 'ਤੇ "ਸੰਵਿਧਾਨ ਦਿਵਸ" ਦੇ ਰੂਪ ਵਿੱਚ ਮਨਾਉਣ ਦੀ ਨੋਟੀਫਿਕੇਸ਼ਨ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਣ ਮੰਤਰਾਲੇ ਨੇ 19 ਨਵੰਬਰ 2015 ਨੂੰ ਜਾਰੀ ਕੀਤੀ। ਯਾਨੀ ਸੰਵਿਧਾਨ ਮਨਜ਼ੂਰ ਹੋਣ ਤੋਂ 65 ਵਰ੍ਹਿਆਂ ਬਾਅਦ। ਇਹ ਵਿਚਾਰ ਉਦੋਂ ਆਇਆ ਜਦੋਂ ਦੇਸ਼ ਡਾ. ਭੀਮਰਾਓ ਅੰਬੇਡਕਰ ਦੀ 125ਵੀਂ ਜਨਮ ਵਰ੍ਹੇਗੰਢ ਮਨਾ ਰਿਹਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਖੁਦ ਯਾਦ ਦਿਵਾਇਆ ਕਿ ਇਸ ਤੋਂ ਵੱਡਾ ਪਵਿੱਤਰ ਮੌਕਾ ਹੋਰ ਕੀ ਹੋ ਸਕਦਾ ਸੀ ਕਿ ਜਿਨ੍ਹਾਂ ਨੇ ਸੰਵਿਧਾਨ ਦਾ ਨਜ਼ਰਾਨਾ ਦਿੱਤਾ, ਉਨ੍ਹਾਂ ਨੂੰ ਹਮੇਸ਼ਾ-ਹਮੇਸ਼ਾ ਦੇ ਲਈ ਯਾਦ ਕੀਤਾ ਜਾਵੇ। ਦਿਲਚਸਪ ਇਹ ਵੀ ਹੈ ਕਿ ਇਹ ਪਹਿਲਾ ਮੌਕਾ ਨਹੀਂ ਸੀ, ਜਦੋਂ ਸੰਵਿਧਾਨ ਦੇ ਲਈ ਇੱਕ ਵਿਸ਼ੇਸ਼ ਦਿਵਸ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਯਾਦ ਕੀਤਾ ਸੀ। ਇਸ ਤੋਂ ਪਹਿਲਾਂ ਵਰ੍ਹੇ 2009 ਵਿੱਚ, ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ, ਤਾਂ ਰਾਜ ਸਰਕਾਰ ਨੇ ਸੰਵਿਧਾਨ



ਰਾਸ਼ਟਰ ਪਹਿਲਾਂ, ਸੰਵਿਧਾਨ ਪਹਿਲਾਂ

(ਇੱਕ ਨਜ਼ਰ ਵਿੱਚ ਯਾਤਰਾ)

2 ਵਰ੍ਹੇ 11 ਮਹੀਨੇ 18 ਦਿਨ
ਸੰਵਿਧਾਨ ਸਭਾ ਦੀ ਮਿਹਨਤ ਦਾ ਸਮਾਂ

60 ਤੋਂ ਵੱਧ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕਰਕੇ 2,000 ਤੋਂ ਵੱਧ ਸੋਧਾਂ ਤੋਂ ਬਾਅਦ ਸੰਵਿਧਾਨ ਨੂੰ ਅੰਤਿਮ ਰੂਪ ਮਿਲਿਆ

26 ਨਵੰਬਰ 1949
ਸੰਵਿਧਾਨ ਅਪਣਾਇਆ ਗਿਆ

26 ਜਨਵਰੀ 1950
ਸੰਵਿਧਾਨ ਲਾਗੂ ਹੋਇਆ, ਭਾਰਤ ਗਣਰਾਜ ਬਣਿਆ

19 ਨਵੰਬਰ 2015
26 ਨਵੰਬਰ ਨੂੰ 'ਸੰਵਿਧਾਨ ਦਿਵਸ' ਦੇ ਰੂਪ ਵਿੱਚ ਮਨਾਉਣ ਦੀ ਨੋਟੀਫਿਕੇਸ਼ਨ ਜਾਰੀ

2024
ਸੰਵਿਧਾਨ ਅਪਣਾਏ ਜਾਣ ਦੇ 75 ਵਰ੍ਹੇ, 10ਵਾਂ ਸੰਵਿਧਾਨ ਦਿਵਸ ਮਨਾਇਆ ਗਿਆ

25 ਜੂਨ 2025
ਐਮਰਜੈਂਸੀ ਦੇ 50 ਵਰ੍ਹੇ, 'ਸੰਵਿਧਾਨ ਹੱਤਿਆ ਦਿਵਸ' ਦੇ ਰੂਪ ਵਿੱਚ ਯਾਦ ਕੀਤਾ

26 ਨਵੰਬਰ 2025
76ਵਾਂ ਸੰਵਿਧਾਨ ਦਿਵਸ, ਸੰਵਿਧਾਨ @75 ਅਭਿਆਨ ਦੀ ਸਮਾਪਤੀ, ਸੰਵਿਧਾਨ ਦੀ ਕਾਪੀ 9 ਹੋਰ ਭਾਸ਼ਾਵਾਂ ਵਿੱਚ ਜਾਰੀ

26 ਨਵੰਬਰ 2026
12ਵਾਂ ਸੰਵਿਧਾਨ ਦਿਵਸ, ਸੰਵਿਧਾਨ ਅਪਣਾਏ ਜਾਣ ਦੇ 77 ਵਰ੍ਹੇ

ਦੇ 60 ਵਰ੍ਹੇ ਪੂਰੇ ਹੋਣ ਨੂੰ ਵਿਸ਼ੇਸ਼ ਮੌਕਾ ਬਣਾ ਦਿੱਤਾ ਸੀ।

ਹਾਥੀ 'ਤੇ ਸੰਵਿਧਾਨ ਨੂੰ ਸਜਾ ਕੇ ਉਸ ਦੀ ਸ਼ੋਭਾ ਯਾਤਰਾ ਕੱਢੀ ਗਈ ਸੀ, ਜਿਸ ਵਿੱਚ ਤਤਕਾਲੀ ਮੁੱਖ ਮੰਤਰੀ ਮੋਦੀ ਖੁਦ ਅੱਗੇ-ਅੱਗੇ ਪੈਦਲ ਚੱਲੇ ਸਨ।

26 ਨਵੰਬਰ ਤੋਂ ਇਲਾਵਾ 26 ਜਨਵਰੀ ਦਾ ਮਹੱਤਵ ਅਧੂਰਾ ਹੈ। 26 ਜਨਵਰੀ ਦੀ ਤਾਕਤ 26 ਨਵੰਬਰ ਵਿੱਚ ਹੀ ਸ਼ਾਮਲ ਹੈ। ਇਹੀ ਸੋਚ ਲੈ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਵਿਧਾਨ ਦਿਵਸ ਨੂੰ ਜਨਤਕ- ਉਤਸਵ ਦਾ ਰੂਪ ਦਿੱਤਾ। ਹੁਣ ਹਰੇਕ ਵਰ੍ਹੇ ਕੇਂਦਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਭਾਸ਼ਣ ਮੁਕਾਬਲੇ, ਫਰਜ਼ਾਂ ਬਾਰੇ ਵਿਆਖਿਆਨ, ਪ੍ਰਸਤਾਵਨਾ ਦਾ ਸਮੂਹਿਕ ਭਾਸ਼ਣ, ਫਿਲਮ- ਪ੍ਰਦਰਸ਼ਨ ਅਤੇ ਸਕੂਲਾਂ ਵਿੱਚ 'ਆਪਣੇ ਸੰਵਿਧਾਨ ਨੂੰ ਜਾਣੋ' ਵਰਗੇ ਪ੍ਰੋਗਰਾਮ ਆਯੋਜਿਤ ਹੁੰਦੇ ਹਨ। 26 ਨਵੰਬਰ 2025 ਨੂੰ 76ਵੇਂ ਸੰਵਿਧਾਨ ਦਿਵਸ ਦੇ ਮੌਕੇ 'ਤੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦੀ ਪ੍ਰਧਾਨਗੀ ਹੇਠ ਸੰਵਿਧਾਨ ਸਦਨ ਦੇ ਇਤਿਹਾਸਕ ਸੈਂਟਰਲ ਹਾਲ ਵਿਖੇ ਰਾਸ਼ਟਰੀ ਸਮਾਰੋਹ ਆਯੋਜਿਤ ਹੋਇਆ ਸੀ, ਜਿਸ ਵਿੱਚ ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਲੋਕ ਸਭਾ ਸਪੀਕਰ ਅਤੇ ਦੋਵੇਂ ਸਦਨਾਂ ਦੇ ਸਾਂਸਦ ਸ਼ਾਮਲ ਹੋਏ। ਇਸ ਮੌਕੇ 'ਤੇ ਕਾਨੂੰਨੀ



ਵਿਭਾਗ, ਦੁਆਰਾ ਤਿਆਰ ਭਾਰਤ ਦੇ ਸੰਵਿਧਾਨ ਨੂੰ ਨੌਂ ਹੋਰ ਭਾਸ਼ਾਵਾਂ- ਮਲਿਆਲਮ, ਮਰਾਠੀ, ਨੇਪਾਲੀ, ਪੰਜਾਬੀ, ਬੋਡੋ, ਕਸ਼ਮੀਰੀ, ਤੇਲਗੂ, ਓੜੀਆ ਅਤੇ ਅਸਮੀਆ ਵਿੱਚ ਜਾਰੀ ਕੀਤਾ ਗਿਆ। 'ਭਾਰਤ ਦੀ ਸੰਵਿਧਾਨ ਤੋਂ ਕਲਾ ਅਤੇ ਕੈਲੀਗ੍ਰਾਫੀ' ਸਿਰਲੇਖ ਹੇਠ ਇੱਕ ਯਾਦਗਾਰੀ ਪੁਸਤਿਕਾ ਵੀ ਲਾਂਚ ਕੀਤੀ ਗਈ। ਇਸੇ ਦਿਨ ਡਾ. ਅੰਬੇਡਕਰ ਫਾਉਂਡੇਸ਼ਨ ਨੇ 'ਜੀਵੰਤ ਸੰਵਿਧਾਨ: ਲੋਕਤੰਤਰ, ਮਾਣ ਅਤੇ ਵਿਕਾਸ ਦੇ 75 ਵਰ੍ਹੇ' ਵਿਸ਼ੇ 'ਤੇ ਇੱਕ ਰਾਸ਼ਟਰੀ ਸੰਮੇਲਨ ਆਯੋਜਿਤ ਕਰਕੇ ਸਾਲ ਭਰ ਚੱਲੇ 'ਸੰਵਿਧਾਨ @75' ਅਭਿਆਨ ਦੀ ਸਮਾਪਤੀ ਕੀਤੀ। ਪਰ ਸੰਵਿਧਾਨ ਦਿਵਸ ਦੇ ਮਹੱਤਵ ਨੂੰ ਸਮਝਣ ਲਈ ਲੋਕਤੰਤਰੀ ਇਤਿਹਾਸ ਦੇ ਉਸ ਕਾਲੇ ਪੰਨੇ ਨੂੰ ਵੀ ਦੇਖਣਾ ਹੋਵੇਗਾ, ਜਦੋਂ ਨਾਗਰਿਕਾਂ ਦੇ ਮੌਲਿਕ ਅਧਿਕਾਰ ਵੀ ਖੋਹ ਲਏ ਗਏ ਸਨ। ਮੀਡੀਆ ਉੱਪਰ ਸੈਂਸਰਸ਼ਿਪ ਲਗਾ ਦਿੱਤੀ ਗਈ ਸੀ। ਵਿਰੋਧ ਦੇ ਸੁਰਾਂ ਨੂੰ ਜ਼ੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ ਸੀ।

> *ਅਸੀਂ ਆਪਣੇ ਲੋਕਤੰਤਰੀ ਆਦਰਸ਼ਾਂ ਅਤੇ ਸੰਵਿਧਾਨ ਨੂੰ ਸਭ ਤੋਂ ਉੱਪਰ ਮੰਨਦੇ ਹਾਂ, ਇਸ ਲਈ ਅਸੀਂ 25 ਜੂਨ ਨੂੰ ਕਦੇ ਭੁਲਾ ਨਹੀਂ ਸਕਦੇ। ਇਹ ਓਹੀ ਦਿਨ ਹੈ ਜਦੋਂ ਸਾਡੇ ਦੇਸ਼ 'ਤੇ ਐਮਰਜੈਂਸੀ ਥੋਪੀ ਗਈ ਸੀ। ਇਹ ਭਾਰਤ ਦੇ ਇਤਿਹਾਸ ਦਾ ਕਾਲਾ ਦੌਰ ਸੀ। ਲੋਕਤੰਤਰ ਦੇ ਸਮਰਥਕਾਂ 'ਤੇ ਉਸ ਦੌਰਾਨ ਇੰਨੇ ਅੱਤਿਆਚਾਰ ਕੀਤੇ ਗਏ ਕਿ ਅੱਜ ਵੀ ਦਿਲ ਕੰਬ ਜਾਂਦਾ ਹੈ।*
>
> **– ਨਰੇਂਦਰ ਮੋਦੀ ਪ੍ਰਧਾਨ ਮੰਤਰੀ**

ਸੰਵਿਧਾਨ ਅਤੇ ਐਮਰਜੈਂਸੀ ਦੀ ਕਾਲੀ ਰਾਤ


ਅੱਜ ਦੇਸ਼ ਮਾਣ ਨਾਲ ਸੰਵਿਧਾਨ ਦਿਵਸ ਮਨਾ ਰਿਹਾ ਹੈ ਅਤੇ ਇਹ ਇੱਕ ਰਾਸ਼ਟਰੀ ਉਤਸਵ ਦਾ ਰੂਪ ਲੈ ਚੁੱਕਿਆ ਹੈ। ਪਰ ਇੱਕ ਸਮਾਂ ਅਜਿਹਾ ਵੀ ਆਇਆ ਸੀ ਜਦੋਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਲੋਕਤੰਤਰੀ ਇਤਿਹਾਸ ਵਿੱਚ ਕਾਲਾ ਪੰਨਾ ਜੋੜ ਦਿੱਤਾ ਗਿਆ ਸੀ। 'ਅੰਦਰੂਨੀ ਅਸ਼ਾਂਤੀ' ਦੇ ਨਾਮ 'ਤੇ ਦੇਸ਼ ਵਿੱਚ 25 ਜੂਨ 1975 ਨੂੰ ਐਮਰਜੈਂਸੀ ਲਾਗੂ ਕਰ ਦਿੱਤੀ ਗਈ ਸੀ। ਇਹ ਇੱਕ ਮਾਤਰ ਅਜਿਹੀ ਉਦਾਹਰਣ ਬਣੀ ਜੋ ਕੈਬਨਿਟ ਦੀ ਮਨਜ਼ੂਰੀ ਤੋਂ ਬਿਨਾ ਹੀ ਲਾਗੂ ਕਰ ਦਿੱਤਾ ਗਿਆ ਸੀ। ਅਸਲ ਵਿੱਚ ਸਰਕਾਰ ਕੋਈ ਵੀ ਫੈਸਲਾ ਨਿਯਮਾਂ ਦੇ ਅਧਾਰ 'ਤੇ ਲੈਂਦੀ ਹੈ, ਪਰ ਇਹ ਇੱਕ ਅਜਿਹੀ ਉਦਾਹਰਣ ਹੈ ਜਿੱਥੇ ਮੰਤਰੀਆਂ ਤੱਕ ਨੂੰ ਕੁਝ ਪਤਾ ਨਹੀਂ ਸੀ। ਅਜਿਹੇ ਵਿੱਚ ਤਤਕਾਲੀ ਰਾਸ਼ਟਰਪਤੀ ਨੇ ਇਸ ਵਿਸ਼ੇ ਨੂੰ ਕੈਬਨਿਟ ਦੇ ਸਾਹਮਣੇ ਲਿਆਉਣ ਦੇ ਲਈ ਕਿਹਾ ਅਤੇ 26 ਜੂਨ ਨੂੰ ਸਵੇਰੇ ਛੇ ਵਜੇ ਕੈਬਨਿਟ ਦੀ ਮੀਟਿੰਗ ਬੁਲਾਈ ਗਈ। 26 ਜੂਨ ਨੂੰ ਪ੍ਰੈੱਸ 'ਤੇ ਸੈਂਸਰਸ਼ਿਪ ਦਾ ਇੱਕ ਹੋਰ ਆਦੇਸ਼ ਜਾਰੀ ਹੋਇਆ। ਉਸ ਦੌਰ ਬਾਰੇ ਪ੍ਰਸਾਰ ਭਾਰਤੀ ਦੇ ਸਾਬਕਾ ਚੇਅਰਮੈਨ ਏ. ਸੂਰਯਪ੍ਰਕਾਸ਼ ਲਿਖਦੇ ਹਨ, 'ਸ਼ਾਇਦ ਅਜਿਹੀ ਵਿਰਲੀ ਹੀ ਉਦਾਹਰਣ ਹੋਵੇਗੀ, ਇੱਥੋਂ ਤੱਕ ਕਿ ਐਮਰਜੈਂਸੀ ਦੀ ਖਬਰ ਨਾ ਛਪੇ ਇਸ ਲਈ 25 ਜੂਨ ਦੀ ਰਾਤ ਹੀ ਦਿੱਲੀ ਵਿੱਚ ਬਹਾਦਰਸ਼ਾਹ ਜ਼ਫਰ ਮਾਰਗ 'ਤੇ ਪ੍ਰੈੱਸ ਦਫ਼ਤਰਾਂ ਦੀ ਬਿਜਲੀ ਤੱਕ ਕੱਟ ਦਿੱਤੀ ਗਈ। ਤਾਨਾਸ਼ਾਹੀ ਰਵੱਈਏ ਅਤੇ ਅਜੀਬ ਤਰ੍ਹਾਂ ਦੇ ਫੈਸਲਿਆਂ ਦੀ ਇੱਕ ਉਦਾਹਰਣ ਬੰਗਲੁਰੂ ਦੀ ਵੀ ਹੈ। ਉਸ ਸਮੇਂ ਮੈਂ ਬੰਗਲੁਰੂ

ਸੰਵਿਧਾਨ ਦਿਵਸ...

26 ਨਵੰਬਰ 1949 ਨੂੰ ਭਾਰਤ ਦੀ ਸੰਵਿਧਾਨ ਸਭਾ ਨੇ ਸੰਵਿਧਾਨ ਨੂੰ ਅਪਣਾਇਆ ਸੀ। ਭਾਰਤੀ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਹੋਇਆ। ਸਾਲ 2015 ਵਿੱਚ ਸਰਕਾਰ ਨੇ ਇਸ ਪਵਿੱਤਰ ਦਸਤਾਵੇਜ਼ ਦੇ ਸਨਮਾਨ ਵਿੱਚ 26 ਨਵੰਬਰ ਨੂੰ ਸੰਵਿਧਾਨ ਦਿਵਸ ਦਾ ਐਲਾਨ ਕੀਤਾ ਸੀ।

ਭਾਰਤ ਦੇ ਸੰਵਿਧਾਨ ਨਾਲ ਜੁੜੀਆਂ ਕੁਝ ਦਿਲਚਸਪ ਗੱਲਾਂ

- ਭਾਰਤ ਦੀ ਜਨਤਾ ਦੀ ਪਹਿਲੀ ਪ੍ਰਤੀਨਿਧੀ ਸੰਸਥਾ, ਸੰਵਿਧਾਨ ਸਭਾ ਨੇ 9 ਦਸੰਬਰ 1946 ਨੂੰ ਆਪਣਾ ਮਹੱਤਵਪੂਰਨ ਕਾਰਜ ਸ਼ੁਰੂ ਕੀਤਾ।
- ਸੰਵਿਧਾਨ ਬਣਾਉਣ ਦੀ ਪ੍ਰਕਿਰਿਆ ਦੌਰਾਨ ਕਰੀਬ ਤਿੰਨ ਵਰ੍ਹਿਆਂ ਤੱਕ 53,000 ਤੋਂ ਵੱਧ ਨਾਗਰਿਕਾਂ ਨੇ ਸੰਵਿਧਾਨ ਸਭਾ ਦੀ ਨਾਗਰਿਕ ਗੈਲਰੀ ਵਿੱਚ ਬੈਠ ਕੇ ਬਹਿਸ- ਚਰਚਾ ਦੇਖੀ ਅਤੇ ਸੁਣੀ।
- ਸੰਵਿਧਾਨ ਦੇ ਨਿਰਮਾਣ ਵਿੱਚ 2 ਵਰ੍ਹੇ 11 ਮਹੀਨੇ ਅਤੇ 18 ਦਿਨ ਲੱਗੇ।
- ਸੰਵਿਧਾਨ ਦੇ ਵੱਖ-ਵੱਖ ਪ੍ਰਾਵਧਾਨਾਂ 'ਤੇ 1100 ਘੰਟੇ ਅਤੇ 32 ਮਿੰਟਾਂ ਦੀ ਚਰਚਾ ਹੋਈ।
- ਸੱਤ ਮੈਂਬਰਾਂ ਵਾਲੀ ਡਰਾਫਟਿੰਗ ਕਮੇਟੀ ਨੇ ਉਸ ਨੂੰ ਅੰਤਿਮ ਆਕਾਰ ਦਿੱਤਾ।
- ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭ ਤੋਂ ਲੰਬਾ ਲਿਖਤੀ ਸੰਵਿਧਾਨ ਹੈ। ਲਾਗੂ ਹੋਣ ਦੇ ਸਮੇਂ ਇਸ ਵਿੱਚ 395 ਆਰਟੀਕਲ, 22 ਹਿੱਸੇ ਅਤੇ 8 ਸ਼ਡਿਊਲ ਸਨ।





- ਭਾਰਤ ਦਾ ਸੰਵਿਧਾਨ ਟਾਈਪ ਜਾਂ ਪ੍ਰਿੰਟ ਨਹੀਂ ਕੀਤਾ ਗਿਆ ਸੀ। ਇਸ ਨੂੰ ਅੰਗ੍ਰੇਜ਼ੀ ਅਤੇ ਹਿੰਦੀ ਵਿੱਚ ਹੱਥ ਨਾਲ ਲਿਖਿਆ ਗਿਆ ਸੀ। ਇਸ ਵਿੱਚ ਲਗਭਗ 90,000 ਸ਼ਬਦ ਸਨ।
- ਸੰਵਿਧਾਨ ਨੂੰ ਸ਼ਾਂਤੀ ਨਿਕੇਤਨ ਦੇ ਕਲਾਕਾਰਾਂ ਨੇ ਆਚਾਰਿਆ ਨੰਦ ਲਾਲ ਬੋਸ ਦੀ ਅਗਵਾਈ ਹੇਠ ਹੱਥਾਂ ਨਾਲ ਸਜਾਇਆ ਸੀ। ਇਸ ਦੀ ਲਿਖਾਵਟ ਦਾ ਕੰਮ ਦਿੱਲੀ ਵਿੱਚ ਪ੍ਰੇਮ ਬਿਹਾਰੀ ਨਾਰਾਇਣ ਰਾਏਜ਼ਾਦਾ ਨੇ ਕੀਤਾ ਸੀ।
- ਸੰਵਿਧਾਨ ਦੀਆਂ ਮੂਲ ਕਾਪੀਆਂ ਨੂੰ ਸੰਸਦ ਭਵਨ ਦੀ ਲਾਈਬ੍ਰੇਰੀ ਵਿੱਚ ਨਾਈਟ੍ਰੋਜਨ ਗੈਸ ਨਾਲ ਭਰੇ ਵਿਸ਼ੇਸ਼ ਪਾਤਰਾਂ (special nitrogen-filled receptacles) ਵਿੱਚ ਸੁਰੱਖਿਅਤ ਰੱਖਿਆ ਗਿਆ ਹੈ।
- ਸੰਵਿਧਾਨ ਦੇ ਹਰੇਕ ਹਿੱਸੇ ਦੀ ਸ਼ੁਰੂਆਤ ਭਾਰਤ ਦੇ ਇਤਿਹਾਸ ਦੇ ਕਿਸੇ ਪੜਾਅ ਜਾਂ ਦ੍ਰਿਸ਼ ਦੇ ਚਿਤਰਣ ਨਾਲ ਹੁੰਦੀ ਹੈ। ਇਨ੍ਹਾਂ ਚਿੱਤਰਾਂ ਨੂੰ ਨੰਦ ਲਾਲ ਬੋਸ ਨੇ ਬਣਾਇਆ ਸੀ। ਸੰਵਿਧਾਨ ਵਿੱਚ ਕੁੱਲ 22 ਚਿੱਤਰ ਅਤੇ ਕਲਾਕ੍ਰਿਤੀਆਂ ਹਨ।

- 24 ਜਨਵਰੀ 1950 ਨੂੰ ਸੰਵਿਧਾਨ ਸਭਾ ਦੇ 284 ਮੈਂਬਰਾਂ ਨੇ ਨਵੀਂ ਦਿੱਲੀ ਸਥਿਤ ਸੰਵਿਧਾਨ ਸਭਾ ਭਵਨ ਵਿਖੇ ਭਾਰਤੀ ਸੰਵਿਧਾਨ 'ਤੇ ਹਸਤਾਖਰ ਕੀਤੇ।
- 24 ਜਨਵਰੀ 1950 ਨੂੰ ਸੰਵਿਧਾਨ ਸਭਾ ਦੀ ਅੰਤਿਮ ਮੀਟਿੰਗ ਹੋਈ। ਇਸੇ ਮੀਟਿੰਗ ਵਿੱਚ ਡਾ. ਰਾਜੇਂਦਰ ਪ੍ਰਸਾਦ ਦਾ ਨਾਮ ਭਾਰਤ ਦੇ ਪਹਿਲੇ ਰਾਸ਼ਟਰਪਤੀ ਦੇ ਰੂਪ ਵਿੱਚ ਐਲਾਨਿਆ ਗਿਆ।
- ਸੰਵਿਧਾਨ ਸਭਾ ਵਿੱਚ 15 ਮਹਿਲਾ ਮੈਂਬਰ ਸਨ। ਇਨ੍ਹਾਂ ਵਿੱਚ ਸਰੋਜਿਨੀ ਨਾਇਡੂ, ਰਾਜਕੁਮਾਰੀ ਅੰਮ੍ਰਿਤ ਕੌਰ, ਹੰਸਾ ਮੇਹਤਾ, ਸੁਚੇਤਾ ਕ੍ਰਿਪਲਾਨੀ ਅਤੇ ਜੀ. ਦੁਰਗਾਬਾਈ ਸ਼ਾਮਲ ਸਨ।
- ਭਾਰਤ ਦਾ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਹੋਇਆ। ਭਾਰਤ ਦੇ ਗਣਰਾਜ ਬਣਨ ਤੋਂ ਬਾਅਦ ਜੀ. ਵੀ. ਮਾਵਲੰਕਰ ਲੋਕ ਸਭਾ ਦੇ ਪਹਿਲੇ ਸਪੀਕਰ ਬਣੇ।



ਦੇ ਇੰਡੀਅਨ ਐਕਸਪ੍ਰੈੱਸ ਵਿੱਚ ਹੀ ਕੰਮ ਕਰਦਾ ਸੀ। ਪ੍ਰੀ- ਸੈਂਸਰਸ਼ਿਪ ਲਾਗੂ ਕੀਤੀ ਜਾ ਚੁੱਕੀ ਸੀ। ਇਸ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ, ਬੰਗਲੁਰੂ ਦੇ ਤਤਕਾਲੀ ਪੁਲਿਸ ਕਮਿਸ਼ਨਰ ਨੂੰ। ਯਾਨੀ ਇੱਕ ਵਰਦੀ ਵਾਲੇ ਅਧਿਕਾਰੀ ਨੂੰ ਇੱਕ ਤਰ੍ਹਾਂ ਨਾਲ ਸਾਡਾ ਸੰਪਾਦਕ ਬਣਾ ਦਿੱਤਾ ਗਿਆ। ਉਹ ਤੈਅ ਕਰਦੇ ਸਨ, ਕੀ ਛਪੇਗਾ, ਕੀ ਨਹੀਂ। ਕਿਹੜੇ ਸ਼ਬਦਾਂ ਜਾਂ ਫੋਟੋਆਂ ਨੂੰ ਰੱਖਣਾ ਹੈ ਜਾਂ ਹਟਾਉਣਾ ਹੈ। ਪ੍ਰੈੱਸ ਕੌਂਸਲ ਐਕਟ ਵੀ ਰੱਦ ਕਰ ਦਿੱਤਾ ਗਿਆ ਸੀ। ਬਹੁਤ ਸਾਰੇ ਪੱਤਰਕਾਰ ਜ਼ੇਲ੍ਹ ਭੇਜ ਦਿੱਤੇ ਗਏ।"

ਉਹ ਉਸ ਦੌਰ ਨੂੰ ਯਾਦ ਕਰਦੇ ਹੋਏ ਅੱਗੇ ਇਹ ਵੀ ਲਿਖਦੇ ਹਨ, "ਮੈਨੂੰ ਇੱਕ ਹੋਰ ਕਿੱਸਾ ਯਾਦ ਹੈ, ਜਦੋਂ ਤਤਕਾਲੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਦੇ ਕਹਿਣ 'ਤੇ ਡੀਏਵੀਪੀ ਅਤੇ ਆਲ ਇੰਡੀਆ ਰੇਡੀਓ ਵਿੱਚ ਸਵੇਰੇ-ਸਵੇਰੇ ਫੋਨ ਕੀਤਾ ਗਿਆ ਅਤੇ ਜੋ ਵੀ ਟ੍ਰਾਂਸਲੇਟਰ ਸਨ, ਉਨ੍ਹਾਂ ਨੂੰ ਸ਼ਾਸਤਰੀ ਭਵਨ ਬੁਲਾਇਆ ਗਿਆ। ਲਗਭਗ 10-15 ਟ੍ਰਾਂਸਲੇਟਰ, ਜਿਨ੍ਹਾਂ ਨੂੰ ਕੁਝ ਪਤਾ ਵੀ ਨਹੀਂ ਸੀ। ਉਨ੍ਹਾਂ ਸਾਰਿਆਂ ਨੂੰ ਵਿਸ਼ਵ ਯੁਵਕ ਕੇਂਦਰ ਲਿਜਾਇਆ ਗਿਆ ਅਤੇ ਦੁਪਹਿਰ ਦੋ ਵਜੇ ਉਨ੍ਹਾਂ ਨੂੰ ਇੱਕ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ। ਉਨ੍ਹਾਂ ਨੂੰ ਅਗ੍ਰੇਜ਼ੀ ਵਿੱਚ ਛਪਿਆ ਕਾਂਗਰਸ ਦਾ ਮੈਨੀਫੈਸਟੋ (ਘੋਸ਼ਣਾ ਪੱਤਰ) ਦਿੱਤਾ ਗਿਆ, ਜਿਸ ਨੂੰ 15 ਭਾਸ਼ਾਵਾਂ ਵਿੱਚ ਟ੍ਰਾਂਸਲੇਟ ਕਰਨਾ ਸੀ। ਰਾਤ 10- 12 ਵਜੇ ਕੰਮ ਖਤਮ ਕਰਨ ਤੋਂ ਬਾਅਦ ਹੀ ਉਹ ਲੋਕ ਘਰ ਜਾ ਸਕੇ।" ਐਮਰਜੈਂਸੀ ਦੇ ਬਾਰੇ ਲੋਕ ਸਭਾ ਵਿੱਚ ਇੱਕ ਚਰਚਾ ਦੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਵੀ ਸੀ, "25 ਜੂਨ ਦੀ ਉਸ ਰਾਤ, ਦੇਸ਼ ਦੀ ਆਤਮਾ ਨੂੰ ਕੁਚਲ ਦਿੱਤਾ ਗਿਆ ਸੀ। ਭਾਰਤ ਵਿੱਚ ਲੋਕਤੰਤਰ ਸੰਵਿਧਾਨ ਦੇ ਪੰਨਿਆਂ ਤੋਂ ਪੈਦਾ ਨਹੀਂ ਹੋਇਆ ਹੈ, ਭਾਰਤ ਵਿੱਚ ਲੋਕਤੰਤਰ ਸਦੀਆਂ ਤੋਂ ਸਾਡੀ ਆਤਮਾ ਹੈ, ਇਸ ਆਤਮਾ ਨੂੰ ਕੁਚਲ ਦਿੱਤਾ ਗਿਆ ਸੀ। ਦੇਸ਼ ਦੀ ਮੀਡੀਆ ਨੂੰ ਦਬਾ ਦਿੱਤਾ ਗਿਆ ਸੀ। ਦੇਸ਼ ਦੇ ਮਹਾਪੁਰਖਾਂ ਨੂੰ ਜ਼ੇਲ੍ਹ ਦੀਆਂ ਸਲਾਖਾਂ ਦੇ ਪਿੱਛੇ ਬੰਦ ਕਰ ਦਿੱਤਾ ਗਿਆ ਸੀ। ਪੂਰੇ ਹਿੰਦੁਸਤਾਨ ਨੂੰ ਜ਼ੇਲ੍ਹਖਾਨਾ ਬਣਾ ਦਿੱਤਾ ਗਿਆ ਸੀ- ਅਤੇ ਸਿਰਫ਼ ਕਿਸੇ ਦੀ ਸੱਤਾ ਚਲੀ ਨਾ ਜਾਵੇ ਇਸ ਲਈ। ਨਿਆਂਪਾਲਿਕਾ ਦਾ ਫੈਸਲਾ ਸੀ, ਪਰ ਨਿਆਂਪਾਲਿਕਾ ਦਾ ਅਪਮਾਨ ਕਿਵੇਂ ਹੁੰਦਾ ਹੈ, ਉਸ ਦੀ ਜਿਉਂਦੀ- ਜਾਗਦੀ ਉਦਾਹਰਣ ਹੈ।"

ਐਮਰਜੈਂਸੀ 'ਤੇ ਲਿਖੀ ਪੁਸਤਕ Torture of Political Prisoners in India ਵਿੱਚ ਵਰਣਨ ਕੀਤਾ ਗਿਆ ਹੈ ਕਿ ਕਿਵੇਂ, ਉਸ ਸਮੇਂ ਦੀ ਸਰਕਾਰ, ਲੋਕਤੰਤਰ ਦੇ ਰਖਵਾਲਿਆਂ ਨਾਲ ਜ਼ਾਲਮਾਨਾ ਢੰਗ ਨਾਲ ਵਿਵਹਾਰ ਕਰ ਰਹੀ ਸੀ। ਮੈਂ ਚਾਹਾਂਗਾ ਕਿ ਦੇਸ਼ ਦੀ ਆਜ਼ਾਦੀ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਅਜਿਹੇ ਅਪਰਾਧਾਂ ਦੀ ਵੀ ਜ਼ਰੂਰ ਜਾਂਚ ਕਰੋ। ਇਸ ਨਾਲ ਅੱਜ ਦੀ ਯੁਵਾ ਪੀੜ੍ਹੀ ਨੂੰ ਲੋਕਤੰਤਰ ਦੇ ਮਾਇਨੇ ਅਤੇ ਉਸ ਦੀ ਅਹਿਮੀਅਤ ਸਮਝਣ ਵਿੱਚ ਹੋਰ ਜ਼ਿਆਦਾ ਅਸਾਨੀ ਹੋਵੇਗੀ।

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ

... ਫਿਰ ਸੰਵਿਧਾਨ ਸੋਧ ਨਾਲ ਅਸੰਭਵ ਹੋਇਆ ਐਮਰਜੈਂਸੀ ਲਗਾਉਣਾ

ਐਮਰਜੈਂਸੀ ਵਿੱਚ ਸੰਵਿਧਾਨ ਦੇ ਕਈ ਪ੍ਰਾਵਧਾਨਾਂ ਨੂੰ ਬਦਲ ਦਿੱਤਾ ਗਿਆ ਸੀ। ਜਿਸ ਨੂੰ ਬਾਅਦ ਵਿੱਚ ਮੋਰਾਰਜੀ ਦੇਸਾਈ ਦੀ ਸਰਕਾਰ ਦੇ ਸਮੇਂ ਠੀਕ ਕੀਤਾ ਗਿਆ। ਇਹ ਮਹੱਤਵਪੂਰਨ ਇਸ ਲਈ ਹੈ ਕਿਉਂਕਿ ਐਮਰਜੈਂਸੀ ਦੇ ਦੌਰਾਨ ਜੋ 42ਵੀਂ ਸੋਧ ਲਗਾਈ ਗਈ ਸੀ, ਸੁਪਰੀਮ ਕੋਰਟ ਦੀਆਂ ਸ਼ਕਤੀਆਂ ਨੂੰ ਸੀਮਤ ਕਰ ਦਿੱਤਾ ਸੀ ਅਤੇ ਇਸ ਵਿੱਚ ਅਜਿਹੀਆਂ ਹੋਰ ਵਿਵਸਥਾਵਾਂ ਸ਼ਾਮਲ ਸਨ ਜਿਨ੍ਹਾਂ ਨੇ ਸਾਡੀਆਂ ਲੋਕਤੰਤਰੀ ਕਦਰਾਂ- ਕੀਮਤਾਂ ਨੂੰ ਕਮਜ਼ੋਰ ਕੀਤਾ ਸੀ;- ਉਨ੍ਹਾਂ ਨੂੰ 44ਵੀਂ ਸੋਧ ਦੇ ਜ਼ਰੀਏ ਬਹਾਲ ਕੀਤਾ ਗਿਆ। ਇਸੇ ਸੋਧ ਵਿੱਚ ਇਹ ਵੀ ਪ੍ਰਾਵਧਾਨ ਕੀਤਾ ਗਿਆ ਕਿ ਸੰਵਿਧਾਨ ਦੀ ਧਾਰਾ 20 ਅਤੇ 21 ਦੇ ਤਹਿਤ ਮਿਲੇ ਮੌਲਿਕ ਅਧਿਕਾਰਾਂ ਨੂੰ ਐਮਰਜੈਂਸੀ ਦੇ ਦੌਰਾਨ ਵੀ ਮੁਅੱਤਲ ਨਹੀਂ ਕੀਤਾ ਜਾ ਸਕਦਾ ਹੈ। ਦੇਸ਼ ਵਿੱਚ ਪਹਿਲੀ ਵਾਰ ਅਜਿਹੀ ਵਿਵਸਥਾ ਕੀਤੀ ਗਈ ਕਿ ਕੈਬਨਿਟ ਦੀ ਲਿਖਤੀ ਸਿਫਾਰਸ਼ 'ਤੇ ਹੀ ਰਾਸ਼ਟਰਪਤੀ ਐਮਰਜੈਂਸੀ ਦਾ ਐਲਾਨ ਕਰਨਗੇ। ਨਾਲ ਹੀ ਇਹ ਵੀ ਤੈਅ ਕੀਤਾ ਗਿਆ ਕਿ ਐਮਰਜੈਂਸੀ ਦੀ ਮਿਆਦ ਨੂੰ ਇੱਕ ਵਾਰ ਵਿੱਚ ਛੇ ਮਹੀਨਿਆਂ ਤੋਂ ਵੱਧ ਨਹੀਂ ਵਧਾਇਆ ਜਾ ਸਕਦਾ ਹੈ। ਇਸ ਤਰ੍ਹਾਂ ਨਾਲ ਮੋਰਾਰਜੀ ਸਰਕਾਰ ਨੇ ਇਹ ਵੀ ਯਕੀਨੀ ਬਣਾਇਆ ਕਿ 1975 ਦੀ ਤਰ੍ਹਾਂ ਦੇਸ਼ ਵਿੱਚ ਐਮਰਜੈਂਸੀ ਨੂੰ ਕਦੇ ਦੁਹਰਾਇਆ ਨਾ ਜਾ ਸਕੇ।

ਸੰਵਿਧਾਨ ਅਤੇ ਐਮਰਜੈਂਸੀ



ਐਮਰਜੈਂਸੀ...

25 ਜੂਨ 1975 ਨੂੰ ਤਤਕਾਲੀ ਰਾਸ਼ਟਰਪਤੀ ਫਖਰੂਉਦੀਨ ਅਲੀ ਅਹਿਮਦ ਨੇ ਸੰਵਿਧਾਨ ਦੀ ਧਾਰਾ 352 ਦੇ ਤਹਿਤ ਅੰਦਰੂਨੀ ਅਸ਼ਾਂਤੀ ਦੇ ਖਤਰੇ ਦਾ ਹਵਾਲਾ ਦਿੰਦੇ ਹੋਏ ਐਮਰਜੈਂਸੀ ਦਾ ਐਲਾਨ ਕੀਤਾ। 24 ਜੂਨ 1975 ਦੀ ਰਾਤ ਸੁਤੰਤਰ ਭਾਰਤ ਦੇ ਇਤਿਹਾਸ ਦੀ ਸਭ ਤੋਂ ਲੰਬੀ ਰਾਤ ਸੀ ਕਿਉਂਕਿ ਉਸ ਦੀ ਸਵੇਰ 21 ਮਹੀਨਿਆਂ ਤੋਂ ਬਾਅਦ ਹੋਈ। ਐਮਰਜੈਂਸੀ 25 ਜੂਨ 1975 ਤੋਂ 21 ਮਾਰਚ 1977 ਤੱਕ ਰਹੀ।

- ਇਹ ਭਾਰਤ ਦੇ ਇਤਿਹਾਸ ਦੀ ਤੀਜੀ ਐਮਰਜੈਂਸੀ ਸੀ, ਪਰ ਸ਼ਾਂਤੀਕਾਲ ਵਿੱਚ ਲਗਾਈ ਗਈ ਪਹਿਲੀ ਸੀ।
- ਇਸ ਤੋਂ ਪਹਿਲਾਂ 1962 ਵਿੱਚ ਚੀਨ ਅਤੇ 1971 ਵਿੱਚ ਪਾਕਿਸਤਾਨ ਦੇ ਨਾਲ ਯੁੱਧ ਦੌਰਾਨ ਐਮਰਜੈਂਸੀ ਲਗਾਈ ਗਈ ਸੀ।
- ਉਸ ਸਮੇਂ ਧਾਰਾ 352 ਵਿੱਚ ਯੁੱਧ, ਬਾਹਰੀ ਹਮਲੇ ਜਾਂ ਅੰਦਰੂਨੀ ਅਸ਼ਾਂਤੀ ਦੇ ਅਧਾਰ 'ਤੇ ਐਮਰਜੈਂਸੀ ਦਾ ਐਲਾਨ ਕਰਨ ਦਾ ਪ੍ਰਾਵਧਾਨ ਸੀ।
- ਇੱਕ ਲੱਖ 10 ਹਜ਼ਾਰ ਵਿਰੋਧੀ ਰਾਜਨੀਤਿਕ ਨੇਤਾਵਾਂ ਨੂੰ ਜ਼ੇਲ੍ਹ ਵਿੱਚ ਪਾ ਦਿੱਤਾ ਗਿਆ।
- 26 ਜੂਨ 1975 ਤੋਂ ਸਾਰੇ ਸਮਾਚਾਰ-ਪੱਤਰਾਂ 'ਤੇ ਸਾਬਕਾ ਸੈਂਸਰਸ਼ਿਪ ਲਾਗੂ ਕਰ ਦਿੱਤੀ ਗਈ।
- ਸੰਪਾਦਕਾਂ ਦੇ ਲਈ ਸਮਾਚਾਰ, ਸੰਪਾਦਕੀ ਅਤੇ ਤਸਵੀਰਾਂ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਸਰਕਾਰ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਸੀ।



- ਸੈਂਸਰਸ਼ਿਪ ਲਾਗੂ ਕਰਨ ਦੇ ਸ਼ੁਰੂਆਤੀ ਦਿਨਾਂ ਵਿੱਚ ਦਿੱਲੀ ਦੇ ਸਮਾਚਾਰ-ਪੱਤਰ ਦਫ਼ਤਰਾਂ ਦੀ ਬਿਜਲੀ ਕੱਟ ਦਿੱਤੀ ਗਈ।
- ਕਾਰਜਕਰਤਾਵਾਂ, ਸੁਤੰਤਰ ਸੰਪਾਦਕਾਂ, ਪੱਤਰਕਾਰਾਂ, ਅਸੰਤੁਸ਼ਟ ਵਿਦਿਆਰਥੀਆਂ, ਨੇਤਾਵਾਂ ਅਤੇ ਕਈ ਤਰ੍ਹਾਂ ਦੇ ਰਚਨਾਤਮਕ ਕਾਰਜਾਂ ਵਿੱਚ ਲੱਗੇ ਲੋਕਾਂ ਨੂੰ ਵੀ ਜ਼ੇਲ੍ਹ ਵਿੱਚ ਪਾ ਦਿੱਤਾ ਗਿਆ।
- ਸਮੱਗਰੀ 'ਤੇ ਨਿਯੰਤਰਣ: ਸੰਸਦੀ ਅਤੇ ਨਿਆਇਕ ਕਾਰਵਾਈ 'ਤੇ ਸੈਂਸਰਸ਼ਿਪ ਲਗਾਈ ਗਈ। ਅਦਾਲਤਾਂ ਦੇ ਫੈਸਲਿਆਂ ਦੇ ਪ੍ਰਕਾਸ਼ਿਤ ਰੂਪ ਵਿੱਚ ਤਬਦੀਲੀ ਜਾਂ ਨਿਯੰਤਰਣ ਕੀਤਾ ਗਿਆ।
- ਮੀਡੀਆ ਦਾ ਵਰਗੀਕਰਣ: ਸਮਾਚਾਰ-ਪੱਤਰਾਂ ਨੂੰ ਉਨ੍ਹਾਂ ਦੀ ਸੰਪਾਦਕੀ ਸਥਿਤੀ ਅਤੇ ਕਵਰੇਜ ਦੇ ਅਧਾਰ 'ਤੇ 'ਅਨੁਕੂਲ', 'ਨਿਰਪੱਖ' ਜਾਂ 'ਵਿਰੋਧੀ' ਸ਼੍ਰੇਣੀਆਂ ਵਿੱਚ ਰੱਖਿਆ ਗਿਆ।
- ਸੰਵਿਧਾਨ ਦੀ ਅਜਿਹੀ ਦੁਰਵਰਤੋਂ ਹੋਈ ਜੋ ਮਾੜੇ ਸੁਪਨੇ ਦੀ ਤਰ੍ਹਾਂ ਭਾਰਤ ਦੇ ਲੋਕਤੰਤਰ ਨੂੰ ਹਮੇਸ਼ਾ ਯਾਦ ਰਹੇਗੀ।



ਯਾਨੀ ਜਦੋਂ ਮੋਰਾਰਜੀ ਦੇਸਾਈ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੇ ਐਮਰਜੈਂਸੀ ਦੇ ਦੌਰਾਨ ਸੰਵਿਧਾਨ ਵਿੱਚ ਕੀਤੀਆਂ ਗਈਆਂ ਗੜਬੜੀਆਂ ਨੂੰ ਫਿਰ ਤੋਂ ਠੀਕ ਕੀਤਾ। ਨਿਆਂਪਾਲਿਕਾ, ਸੰਸਦ ਅਤੇ ਪ੍ਰੈੱਸ ਦੇ ਨਾਲ ਨਾਗਰਿਕਾਂ ਦੇ ਅਧਿਕਾਰਾਂ ਨੂੰ ਮੁੜ ਤੋਂ ਬਹਾਲ ਕੀਤਾ ਗਿਆ। ਇਸ ਲਈ ਮੋਰਾਰਜੀ ਦੇਸਾਈ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਈ ਮੌਕਿਆਂ 'ਤੇ ਕਹਿ ਚੁੱਕੇ ਹਨ, 'ਇਸ ਤਰ੍ਹਾਂ ਨਾਲ ਮੋਰਾਰਜੀ ਭਾਈ ਨੇ ਇਹ ਯਕੀਨੀ ਬਣਾਇਆ ਕਿ ਐਮਰਜੈਂਸੀ ਲਾਗੂ ਕਰਕੇ, 1975 ਵਿੱਚ ਜਿਸ ਤਰ੍ਹਾਂ ਨਾਲ ਲੋਕਤੰਤਰ ਦੀ ਹੱਤਿਆ ਕੀਤੀ ਗਈ ਸੀ, ਉਹ ਭਵਿੱਖ ਵਿੱਚ ਮੁੜ ਦੁਹਰਾਈ ਨਾ ਜਾ ਸਕੇ। ਭਾਰਤੀ ਲੋਕਤੰਤਰ ਦੀ ਮਹੱਤਤਾ ਨੂੰ ਬਣਾਈ ਰੱਖਣ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਨੂੰ, ਆਉਣ ਵਾਲੀਆਂ ਪੀੜ੍ਹੀਆਂ ਹਮੇਸ਼ਾ ਯਾਦ ਰੱਖਣਗੀਆਂ। ਇੱਕ ਵਾਰ ਫਿਰ ਅਜਿਹੇ ਮਹਾਨ ਨੇਤਾ ਨੂੰ ਮੈਂ ਸ਼ਰਧਾਂਜਲੀ ਭੇਟ ਕਰਦਾ ਹਾਂ।'

ਜਨਤਾ ਦੇ ਸੰਵਿਧਾਨਕ ਅਧਿਕਾਰ, ਸਰਕਾਰ ਦੀ ਵਚਨਬੱਧਤਾ

ਦੇਸ਼ ਦੀ ਨਵੀਂ ਪੀੜ੍ਹੀ ਨੂੰ ਐਮਰਜੈਂਸੀ ਦੀਆਂ ਘਟਨਾਵਾਂ ਤੋਂ ਜਾਣੂ ਹੋਣਾ ਚਾਹੀਦਾ

ਐਮਰਜੈਂਸੀ ਦੇ ਦੌਰਾਨ ਸੰਵਿਧਾਨ ਵਿੱਚ ਕੀਤੀਆਂ ਗਈਆਂ ਸੋਧਾਂ

ਐਮਰਜੈਂਸੀ ਦੇ ਦੌਰਾਨ ਸੰਵਿਧਾਨ ਵਿੱਚ ਇੰਨੀਆਂ ਸੋਧਾਂ ਕੀਤੀਆਂ ਗਈਆਂ ਕਿ ਇਸ ਨੂੰ ਸੰਵਿਧਾਨ ਦਾ 'ਮਿੰਨੀ ਵਰਜ਼ਨ' ਕਿਹਾ ਗਿਆ। ਪ੍ਰਸਤਾਵਨਾ ਬਦਲ ਦਿੱਤੀ ਗਈ, ਆਰਟੀਕਲ 14 ਬਦਲ ਦਿੱਤਾ ਗਿਆ, 7 ਸ਼ਡਿਊਲ ਬਦਲ ਦਿੱਤੇ ਗਏ। 40 ਵੱਖ- ਵੱਖ ਕਲੌਜ਼ ਵਿੱਚ ਤਬਦੀਲੀ ਕੀਤੀ ਗਈ। ਨਵੀਆਂ ਧਾਰਾਵਾਂ ਸ਼ਾਮਲ ਕੀਤੀਆਂ ਗਈਆਂ, ਨਵੇਂ ਵੌਲਿਊਮ ਪਾਏ ਗਏ।

- **38ਵੀਂ ਸੋਧ : ਰਾਸ਼ਟਰਪਤੀ ਦੇ ਐਮਰਜੈਂਸੀ ਐਲਾਨੇ ਜਾਣ ਦੇ ਫੈਸਲੇ ਨੂੰ ਅਦਾਲਤ ਵਿੱਚ ਚੁਣੌਤੀ ਦੇਣ 'ਤੇ ਰੋਕ ਲਗਾਈ ਗਈ।**
- **39ਵੀਂ ਸੋਧ : ਪ੍ਰਧਾਨ ਮੰਤਰੀ ਅਤੇ ਲੋਕ ਸਭਾ ਸਪੀਕਰ ਦੀ ਚੋਣ ਨੂੰ ਕਾਨੂੰਨੀ ਜਾਂਚ ਤੋਂ ਬਾਹਰ ਕੀਤਾ ਗਿਆ।**
- **42ਵੀਂ ਸੋਧ : ਕੇਂਦਰ ਦੀਆਂ ਸ਼ਕਤੀਆਂ ਹੋਰ ਵਧੀਆਂ। ਨੀਤੀ ਨਿਰਦੇਸ਼ਕ ਤੱਤਾਂ ਨੂੰ ਮੌਲਿਕ ਅਧਿਕਾਰਾਂ 'ਤੇ ਤਰਜੀਹ ਦਿੱਤੀ ਗਈ। ਇਸ ਵਿੱਚ ਸੰਵਿਧਾਨ ਦਾ ਬੇਸਿਕ ਸਟ੍ਰਕਚਰ ਹੀ ਬਦਲ ਦਿੱਤਾ ਗਿਆ।**
- **42ਵੀਂ ਸੋਧ : ਸੰਵਿਧਾਨ ਸੋਧਾਂ ਦੀ ਕਾਨੂੰਨੀ ਸਮੀਖਿਆ 'ਤੇ ਰੋਕ ਲਗਾਈ ਗਈ।**
- **ਸੰਵਿਧਾਨ ਸੋਧ ਦੇ 69ਵੇਂ ਹਿੱਸੇ ਨੇ ਸੁਪਰੀਮ ਕੋਰਟ ਦੀਆਂ ਸ਼ਕਤੀਆਂ ਨੂੰ ਵੀ ਖੋਹਣ ਦਾ ਕੰਮ ਕੀਤਾ।**
- **ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਦਾ ਕਾਰਜਕਾਲ ਪੰਜ ਤੋਂ ਵਧਾ ਕੇ ਛੇ ਸਾਲ ਕਰ ਦਿੱਤਾ ਗਿਆ।**





ਲੋਕ ਸਭਾ ਚੋਣਾਂ ਤੋਂ ਬਾਅਦ ਐਮਰਜੈਂਸੀ ਦਾ ਅੰਤ

- ਲੋਕ ਸਭਾ ਚੋਣਾਂ 16 ਮਾਰਚ ਤੋਂ 20 ਮਾਰਚ ਦੇ ਦਰਮਿਆਨ ਹੋਈਆਂ ਅਤੇ 21 ਮਾਰਚ, 1977 ਨੂੰ ਐਮਰਜੈਂਸੀ ਖਤਮ ਕੀਤੀ ਗਈ।
- 44ਵੀਂ ਸੰਵਿਧਾਨ ਸੋਧ 1978 ਵਿੱਚ ਲਾਗੂ ਹੋਈ। ਇਸ ਦੇ ਜ਼ਰੀਏ ਐਮਰਜੈਂਸੀ ਲਗਾਉਣ ਦੇ ਅਧਾਰ ਦੇ ਰੂਪ ਵਿੱਚ 'ਅੰਦਰੂਨੀ ਅਸ਼ਾਂਤੀ' ਦੀ ਥਾਂ 'ਹਥਿਆਰਬੰਦ ਵਿਦ੍ਰੋਹ' ਕੀਤਾ ਗਿਆ।
- ਨਿਆਇਕ ਸਮੀਖਿਆ ਬਹਾਲ ਕੀਤੀ ਗਈ। ਭਵਿੱਖ ਵਿੱਚ ਐਮਰਜੈਂਸੀ ਦੇ ਐਲਾਨ ਲਈ ਕਾਨੂੰਨੀ ਸੁਰੱਖਿਆ ਦੇ ਉਪਾਅ ਜੋੜੇ ਗਏ।
- 44ਵੀਂ ਸੋਧ ਵਿੱਚ ਇਹ ਵੀ ਪ੍ਰਾਵਧਾਨ ਕੀਤਾ ਗਿਆ ਕਿ ਸੰਵਿਧਾਨ ਦੀ ਧਾਰਾ 20 ਅਤੇ 21 ਦੇ ਤਹਿਤ ਮਿਲੇ ਮੌਲਿਕ ਅਧਿਕਾਰਾਂ ਨੂੰ ਐਮਰਜੈਂਸੀ ਦੌਰਾਨ ਵੀ ਮੁਅੱਤਲ ਨਹੀਂ ਕੀਤਾ ਜਾ ਸਕਦਾ।
- ਦੇਸ਼ ਵਿੱਚ ਪਹਿਲੀ ਵਾਰ ਅਜਿਹੀ ਵਿਵਸਥਾ ਕੀਤੀ ਗਈ ਕਿ ਕੈਬਨਿਟ ਦੁਆਰਾ ਲਿਖਤੀ ਸਿਫਾਰਸ਼ 'ਤੇ ਹੀ ਰਾਸ਼ਟਰਪਤੀ ਐਮਰਜੈਂਸੀ ਦਾ ਐਲਾਨ ਕਰਨਗੇ।
- ਇਹ ਵੀ ਤੈਅ ਕੀਤਾ ਗਿਆ ਕਿ ਐਮਰਜੈਂਸੀ ਦੀ ਮਿਆਦ ਨੂੰ ਇੱਕ ਵਾਰ ਵਿੱਚ ਛੇ ਮਹੀਨਿਆਂ ਤੋਂ ਵੱਧ ਨਹੀਂ ਵਧਾਇਆ ਜਾ ਸਕਦਾ ਹੈ।

ਹੈ ਕਿਉਂਕਿ ਭਾਰਤ ਦੇ ਲੋਕਾਂ ਦੀ ਇਹ ਤਾਕਤ ਹੈ ਕਿ ਉਨ੍ਹਾਂ ਨੇ ਲੋਕਤੰਤਰ ਨੂੰ ਜਿਉ ਕੇ ਦਿਖਾਇਆ ਹੈ। ਦੇਸ਼ ਦੀ ਜਨਤਾ ਨੇ ਮੌਕਾ ਮਿਲਦੇ ਹੀ ਲੋਕਤੰਤਰੀ ਸ਼ਕਤੀਆਂ ਦਾ ਪਰੀਚੈ ਦਿੱਤਾ ਸੀ। ਇਹ ਗੱਲਾਂ ਕਿਸੇ ਦੇਸ਼ ਦੇ ਲਈ ਬਹੁਤ ਵੱਡੀ ਸ਼ਕਤੀ ਦਾ ਰੂਪ ਹੈ। ਲੋਕਾਂ ਦੀ ਸ਼ਕਤੀ ਦਾ ਅਹਿਸਾਸ ਕਰਦੇ ਰਹਿਣਾ ਚਾਹੀਦਾ ਹੈ। ਲੋਕਤੰਤਰ ਦੇ ਪ੍ਰੇਮੀਆਂ ਨੇ ਕਿਵੇਂ ਇੰਨੀ ਵੱਡੀ ਲੜਾਈ ਲੜੀ ਅਤੇ ਜਨ-ਜਨ ਦੀ ਰਗ- ਰਗ ਵਿੱਚ ਲੋਕਤੰਤਰ ਕਿਸ ਤਰ੍ਹਾਂ ਮੌਜੂਦ ਹੈ, ਚੋਣਾਂ ਦੇ ਜ਼ਰੀਏ ਉਸ ਤਾਕਤ ਦਾ ਪ੍ਰਦਰਸ਼ਨ ਕਰ ਦਿੱਤਾ। ਇਹ ਭਾਰਤ ਦੀ ਅਮਰ ਵਿਰਾਸਤ ਹੈ। ਐਮਰਜੈਂਸੀ ਦੀ ਬਰਸੀ ਸਾਨੂੰ ਇਸੇ ਵਿਰਾਸਤ ਨੂੰ ਹੋਰ ਮਜ਼ਬੂਤ ਕਰਨ ਦੀ ਯਾਦ ਦਿਵਾਉਂਦੀ ਹੈ। ਬੀਤੇ 12 ਵਰ੍ਹਿਆਂ ਵਿੱਚ ਸੰਵਿਧਾਨ ਦਿਵਸ ਦੇ ਜ਼ਰੀਏ ਦੇਸ਼ ਵਿੱਚ ਇੱਕ ਨਵੀਂ ਜਾਗਰੂਕਤਾ ਦਾ ਸੰਚਾਰ ਹੋਇਆ ਹੈ। ਅੱਜ ਕੇਂਦਰ ਸਰਕਾਰ ਜਨਤਾ ਦੇ ਸੰਵਿਧਾਨਿਕ ਅਧਿਕਾਰਾਂ ਨੂੰ ਯਕੀਨੀ ਬਣਾ ਰਹੀ ਹੈ। ਅੱਜ ਦੇ ਸਮੇਂ ਵਿੱਚ ਉਦੋਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅੱਜ ਅਖਬਾਰਾਂ ਵਿੱਚ ਲੇਖ ਲਿਖ ਸਕਦੇ ਹਾਂ, ਸੋਸ਼ਲ ਮੀਡੀਆ 'ਤੇ ਜੋ ਚਾਹੀਏ ਲਿਖ ਸਕਦੇ ਹਾਂ, ਬੋਲ ਸਕਦੇ ਹਾਂ। ਸਰਕਾਰ ਦੇ ਵਿਰੁੱਧ ਗੱਲ ਕਰ ਸਕਦੇ ਹਾਂ। ਆਖਰ ਇੰਨੀ ਊਰਜਾ

12ਵਾਂ ਸੰਵਿਧਾਨ ਦਿਵਸ ਵਿਸ਼ੇਸ਼

ਕਵਰ ਸਟੋਰੀ

ਨਵੀਂ ਪੀੜ੍ਹੀ ਦੇ ਕਾਨੂੰਨ

ਨਿਆਂ ਹੁਣ ਤੇਜ਼, ਅਸਾਨ ਅਤੇ ਭਾਰਤੀ

- ਭਾਰਤੀਯ ਨਯਾਯ ਸੰਹਿਤਾ (IPC ਦੀ ਥਾਂ 'ਤੇ) 511 ਦੇ ਸਥਾਨ 'ਤੇ ਹੁਣ 358 ਧਾਰਾਵਾਂ, 20 ਨਵੇਂ ਅਪਰਾਧ ਜੋੜੇ ਗਏ, 23 ਅਪਰਾਧਾਂ ਵਿੱਚ ਲਾਜ਼ਮੀ ਨਿਊਨਤਮ ਸਜ਼ਾ, 6 ਅਪਰਾਧਾਂ ਵਿੱਚ ਭਾਈਚਾਰਕ ਸੇਵਾ ਦਾ ਪ੍ਰਬੰਧ।
- ਭਾਰਤੀਯ ਨਾਗਰਿਕ ਸੁਰਕਸ਼ਾ ਸੰਹਿਤਾ (CrPC ਦੀ ਥਾਂ 'ਤੇ) 484 ਦੇ ਸਥਾਨ 'ਤੇ ਹੁਣ 531 ਧਾਰਾਵਾਂ, 9 ਨਵੀਆਂ ਧਾਰਾਵਾਂ ਜੋੜੀਆਂ ਗਈਆਂ।
- ਭਾਰਤੀਯ ਸਾਕਸ਼ਯ ਅਧਿਨਿਯਮ (Evidence Act ਦੀ ਥਾਂ 'ਤੇ) 167 ਦੇ ਸਥਾਨ 'ਤੇ ਹੁਣ 170 ਧਾਰਾਵਾਂ।
- ਰਾਜ ਧ੍ਰੋਹ ਦੀ ਥਾਂ ਦੇਸ਼ ਧ੍ਰੋਹ ਦਾ ਪ੍ਰਾਵਧਾਨ–ਸ਼ਾਸਨ ਦੀ ਆਲੋਚਨਾ ਹੁਣ ਅਪਰਾਧ ਨਹੀਂ, ਪ੍ਰਗਟਾਵੇ ਦੀ ਆਜ਼ਾਦੀ ਨੂੰ ਮਜ਼ਬੂਤ ਬਣਾਇਆ ਗਿਆ।

ਕੁੱਲ **3,200**

ਸੁਝਾਵਾਂ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀਆਂ 158 ਮੀਟਿੰਗਾਂ ਤੋਂ ਬਾਅਦ ਤਿਆਰ ਹੋਇਆ ਇਹ ਕਾਨੂੰਨ।



"ਕੋਈ ਵੀ ਭਾਰਤੀ ਕਦੇ ਨਹੀਂ ਭੁੱਲ ਸਕੇਗਾ ਕਿ ਕਿਸ ਤਰ੍ਹਾਂ ਸਾਡੇ ਸੰਵਿਧਾਨ ਦੀ ਭਾਵਨਾ ਦੀ ਉਲੰਘਣਾ ਕੀਤੀ ਗਈ, ਸੰਸਦ ਦੀ ਆਵਾਜ਼ ਦਬਾ ਦਿੱਤੀ ਗਈ। ਅਦਾਲਤਾਂ ਨੂੰ ਨਿਯੰਤ੍ਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ। 42ਵੀਂ ਸੋਧ ਉਨ੍ਹਾਂ ਦੇ ਧੋਖੇ ਦੀ ਇੱਕ ਮੁੱਖ ਉਦਾਹਰਣ ਹੈ। ਗ਼ਰੀਬਾਂ, ਹਾਸ਼ੀਏ 'ਤੇ ਪਏ ਲੋਕਾਂ ਅਤੇ ਦਲਿਤਾਂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ, ਜਿਸ ਵਿੱਚ ਉਨ੍ਹਾਂ ਦੇ ਮਾਣ ਦਾ ਅਪਮਾਨ ਵੀ ਸ਼ਾਮਲ ਹੈ।

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਕਿੱਥੋਂ ਮਿਲੀ? ਅਸਲ ਵਿੱਚ, ਭਾਰਤ ਦੀ ਮੌਜੂਦਾ ਅਗਵਾਈ ਉਸ ਐਮਰਜੈਂਸੀ ਨੂੰ ਨੇੜਿਓਂ ਦੇਖ ਚੁੱਕੀ ਹੈ, ਉਸ ਦੁਖ ਨੂੰ ਮਹਿਸੂਸ ਕਰਦੀ ਹੈ। ਇਹ ਊਰਜਾ ਉਸ ਐਮਰਜੈਂਸੀ ਦੀਆਂ ਬੰਦਿਸ਼ਾਂ ਦੇ ਦਰਮਿਆਨ ਵਿਰੋਧ ਕਰਨ ਵਾਲੇ ਇਨ੍ਹਾਂ ਹੀ ਸੁਰਾਂ ਤੋਂ ਨਿਕਲੀ ਹੈ।

ਇਹੋ ਕਾਰਨ ਹੈ ਕਿ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਨਰੇਂਦਰ ਮੋਦੀ ਨੇ ਸੰਵਿਧਾਨ ਦੇ 60 ਵਰ੍ਹੇ ਪੂਰੇ ਹੋਣ 'ਤੇ ਸੰਵਿਧਾਨ ਗੌਰਵ ਯਾਤਰਾ ਕੱਢੀ ਸੀ, ਤਾਂ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ 26 ਨਵੰਬਰ ਦੀ ਮਿਤੀ ਨੂੰ ਸੰਵਿਧਾਨ ਦਿਵਸ ਦੇ ਰੂਪ ਵਿੱਚ ਮੁੜ ਸਥਾਪਿਤ ਕੀਤਾ।

"ਵੀ ਦ ਪੀਪੁਲ" – ਇੱਕ ਸੱਦਾ, ਇੱਕ ਪ੍ਰਣ, ਇੱਕ ਭਰੋਸਾ

ਪ੍ਰਧਾਨ ਮੰਤਰੀ ਮੋਦੀ ਨੇ ਸੁਪਰੀਮ ਕੋਰਟ ਵਿੱਚ ਆਯੋਜਿਤ ਸੰਵਿਧਾਨ ਦਿਵਸ ਸਮਾਰੋਹ ਵਿੱਚ ਇੱਕ ਵਾਰ ਕਿਹਾ ਸੀ ਕਿ ਸੰਵਿਧਾਨ ਦੀ ਪ੍ਰਸਤਾਵਨਾ ਦੇ ਸ਼ੁਰੂਆਤੀ ਤਿੰਨ ਸ਼ਬਦ–'ਵੀ ਦ ਪੀਪੁਲ' ਸਿਰਫ਼ ਸ਼ਬਦ ਨਹੀਂ ਸਗੋਂ ਇੱਕ ਸੱਦਾ, ਇੱਕ ਪ੍ਰਣ ਅਤੇ ਇੱਕ ਭਰੋਸਾ ਹਨ। ਇਸੇ ਭਾਵਨਾ ਦੇ ਨਾਲ 26 ਨਵੰਬਰ 2025 ਨੂੰ ਪ੍ਰਧਾਨ ਮੰਤਰੀ ਨੇ ਦੇਸ਼ਵਾਸੀਆਂ ਦੇ ਨਾਮ ਇੱਕ ਪੱਤਰ ਲਿਖ ਕੇ 1949 ਵਿੱਚ ਸੰਵਿਧਾਨ ਦੇ ਇਤਿਹਾਸਕ ਤੌਰ 'ਤੇ ਅਪਣਾਏ ਜਾਣ 'ਤੇ ਅਤੇ ਰਾਸ਼ਟਰ ਦੀ ਤਰੱਕੀ ਵਿੱਚ ਇਸ ਦੀ ਸਥਾਈ ਭੂਮਿਕਾ ਨੂੰ ਯਾਦ ਕੀਤਾ। ਸੋਸ਼ਲ ਮੀਡੀਆ ਪੋਸਟ ਵਿੱਚ ਉਨ੍ਹਾਂ ਨੇ ਸੰਵਿਧਾਨ ਨਿਰਮਾਤਾਵਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਇਹ ਰੇਖਾਂਕਿਤ ਕੀਤਾ ਸੀ ਕਿ ਸੰਵਿਧਾਨ ਮਨੁੱਖੀ ਗਰਿਮਾ, ਸਮਾਨਤਾ ਅਤੇ ਸੁਤੰਤਰਤਾ ਨੂੰ ਸਭ ਤੋਂ ਪਹਿਲਾਂ ਮਹੱਤਤਾ ਦਿੰਦਾ ਹੈ। ਉਨ੍ਹਾਂ ਨੇ ਇਹ ਵੀ ਯਾਦ ਕੀਤਾ ਕਿ ਉਹ ਸੰਵਿਧਾਨ ਦਿਵਸ ਖਾਸ ਤੌਰ 'ਤੇ ਇਸ ਲਈ ਮਹੱਤਵਪੂਰਨ ਸੀ ਕਿਉਂਕਿ ਉਹ ਸਰਦਾਰ ਵੱਲਭਭਾਈ ਪਟੇਲ ਅਤੇ ਭਗਵਾਨ ਬਿਰਸਾ ਮੁੰਡਾ ਦੀ 150ਵੀਂ

ਜਨਮ ਵਰ੍ਹੇਗੰਢ, ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਅਤੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਨਾਲ ਮੇਲ ਖਾ ਰਿਹਾ ਸੀ। ਯਾਨੀ ਏਕਤਾ, ਬਲੀਦਾਨ, ਰਾਸ਼ਟਰ ਭਗਤੀ ਅਤੇ ਧਰਮ- ਰੱਖਿਆ ਦੀਆਂ ਚਾਰ ਮਹਾਨ ਵਿਰਾਸਤਾਂ ਦਾ ਇੱਕ ਹੀ ਕਾਲਖੰਡ ਵਿੱਚ ਸੰਗਮ।

12ਵੇਂ ਸੰਵਿਧਾਨ ਦਿਵਸ 'ਤੇ ਇਹ ਯਾਦ ਹੋਰ ਪ੍ਰਾਸੰਗਿਕ ਹੋ ਜਾਂਦੀ ਹੈ। ਕਿਉਂਕਿ ਇਹ ਵਰ੍ਹਾ ਵੀ ਉਨ੍ਹਾਂ ਹੀ ਇਤਿਹਾਸਕ ਯਾਦਾਂ ਦੀ ਅਗਲੀ ਕੜੀ ਹੈ, ਜਦੋਂ ਰਾਸ਼ਟਰ ਐਮਰਜੈਂਸੀ ਦੇ ਉਨ੍ਹਾਂ ਕਾਲੇ ਦਿਨਾਂ ਨੂੰ ਵੀ ਕਦੇ ਨਹੀਂ ਭੁੱਲ ਸਕਦਾ, ਜਿਨ੍ਹਾਂ ਦੇ 50 ਵਰ੍ਹੇ 2025 ਵਿੱਚ ਪੂਰੇ ਹੋਏ। ਪ੍ਰਧਾਨ ਮੰਤਰੀ ਨੇ ਸਪਸ਼ਟ ਕਿਹਾ ਸੀ ਕਿ 25 ਜੂਨ 1975 ਨੂੰ ਭਾਰਤ ਦੇ ਲੋਕਤੰਤਰ 'ਤੇ ਜੋ ਕਾਲਾ ਧੱਬਾ ਲਗਾਇਆ ਸੀ। ਨਵੀਂ ਪੀੜ੍ਹੀ ਉਸ ਨੂੰ ਕਦੇ ਨਹੀਂ ਭੁੱਲੇਗੀ ਅਤੇ ਦੇਸ਼ ਮਾਣ ਦੇ ਨਾਲ ਆਪਣੇ ਸੰਵਿਧਾਨ ਅਤੇ ਲੋਕਤੰਤਰੀ ਪਰੰਪਰਾਵਾਂ ਦੀ ਰੱਖਿਆ ਦਾ ਸੰਕਲਪ ਲਵੇਗਾ।

ਪ੍ਰਗਟਾਵੇ ਦੀ ਆਜ਼ਾਦੀ ਨੂੰ ਨਵੀਂ ਮਜ਼ਬੂਤੀ

ਸੰਵਿਧਾਨ ਦੀ ਸਭ ਤੋਂ ਵੱਡੀ ਪ੍ਰੀਖਿਆ ਉਸ ਦੀ ਮੂਲ ਭਾਵਨਾ- ਅਧਿਕਾਰ ਅਤੇ ਫਰਜ਼ ਦੀ ਰੱਖਿਆ ਵਿੱਚ ਹੁੰਦੀ ਹੈ। ਸੰਵਿਧਾਨ ਦੀ ਪਹਿਲੀ ਸੋਧ ਨੇ ਹੀ ਬਦਕਿਸਮਤੀ ਨਾਲ ਪ੍ਰਗਟਾਵੇ ਦੀ ਆਜ਼ਾਦੀ ਵਿੱਚ ਕਟੌਤੀ ਕੀਤੀ ਸੀ। ਅੰਗ੍ਰੇਜ਼ੀ ਸ਼ਾਸਨ ਕਾਲ ਦਾ ਰਾਜਦ੍ਰੋਹ ਕਾਨੂੰਨ ਦਹਾਕਿਆਂ ਤੱਕ ਸੁਤੰਤਰ ਭਾਰਤ ਵਿੱਚ ਵੀ ਚੱਲਦਾ ਰਿਹਾ। ਹਾਲਾਂਕਿ ਕਾਨੂੰਨ, ਜਿਸ ਦੇ ਤਹਿਤ ਮਹਾਤਮਾ ਗਾਂਧੀ, ਬਾਲ ਗੰਗਾਧਰ ਤਿਲਕ ਅਤੇ ਵੀਰ ਸਾਵਰਕਰ ਵਰਗੇ ਲੋਕ ਵਰ੍ਹਿਆਂ ਤੱਕ ਜ਼ੇਲ੍ਹ ਵਿੱਚ ਰਹੇ। ਕੇਂਦਰ ਸਰਕਾਰ ਨੇ ਹੁਣ ਭਾਰਤੀ ਨਯਾਯ ਸੰਹਿਤਾ ਰਾਹੀਂ ਰਾਜਧ੍ਰੋਹ ਦਾ ਪ੍ਰਾਵਧਾਨ ਕਰਕੇ ਸ਼ਾਸਨ ਦੀ ਆਲੋਚਨਾ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰ ਦਿੱਤਾ ਹੈ, ਜਦਕਿ ਦੇਸ਼ ਦੇ ਵਿਰੁੱਧ ਕਾਰਵਾਈਆਂ ਲਈ ਸਭ ਤੋਂ ਸਖ਼ਤ ਸਜ਼ਾ ਦੀ ਵਿਵਸਥਾ ਨੂੰ ਬਰਕਰਾਰ ਰੱਖਿਆ ਗਿਆ ਹੈ।

ਭਾਰਤੀਯ ਨਯਾਯ ਸੰਹਿਤਾ, ਭਾਰਤੀਯ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀਯ ਸਾਕਸ਼ਯ ਅਧਿਨਿਯਮ ਦੇ ਰੂਪ ਵਿੱਚ ਦੇਸ਼ ਦੀ ਅਪਰਾਧਿਕ ਨਿਆਂ ਪ੍ਰਣਾਲੀ 19ਵੀਂ ਸਦੀ ਦੀਆਂ ਬੇੜੀਆਂ ਤੋਂ ਮੁਕਤ ਹੋ ਕੇ ਸਿੱਧੀ 21ਵੀਂ ਸਦੀ ਵਿੱਚ ਦਾਖਲ ਹੋ ਗਈ ਹੈ। ਇਨ੍ਹਾਂ ਕਾਨੂੰਨਾਂ ਨੂੰ ਲੈ ਕੇ ਗ੍ਰਹਿ ਮੰਤਰਾਲੇ ਨੇ 2019 ਤੋਂ ਵਿਆਪਕ ਵਿਚਾਰ-ਵਟਾਂਦਰਾ ਕੀਤਾ, ਜਿਸ ਦੌਰਾਨ ਕੁੱਲ 3,200 ਸੁਝਾਅ ਪ੍ਰਾਪਤ ਹੋਏ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ 158 ਮੀਟਿੰਗਾਂ ਕੀਤੀਆਂ। ਛੋਟੇ ਅਤੇ ਪਹਿਲੀ ਵਾਰ ਕੀਤੇ ਗਏ ਅਪਰਾਧਾਂ ਲਈ ਕੈਦ ਦੀ ਬਜਾਏ 'ਸਮਾਜਿਕ ਸੇਵਾ' (community service) ਦਾ ਵਿਕਲਪ, ਤਕਨਾਲੋਜੀ ਦੀ ਵਰਤੋਂ ਰਾਹੀਂ ਸਮਾਂ-ਬੱਧ ਨਿਆਂ ਪ੍ਰਦਾਨ ਕਰਨ ਦੀ ਵਿਵਸਥਾ ਅਤੇ ਦੇਸ਼ ਭਰ ਵਿੱਚ ਇੱਕ ਸਮਾਨ ਨਿਆਂ ਪ੍ਰਣਾਲੀ, ਇਹ ਸਾਰੇ ਸੁਧਾਰ ਸੰਵਿਧਾਨ ਦੀ ਅਸਲ ਭਾਵਨਾ ਯਾਨੀ ਹਰੇਕ ਨਾਗਰਿਕ ਲਈ ਨਿਆਂ ਤੱਕ ਬਰਾਬਰ

ਜੰਮੂ - ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਇੱਕ ਸੰਵਿਧਾਨ



ਧਾਰਾ 370 ਰੱਦ

ਅਗਸਤ 2019 ਵਿੱਚ ਜੰਮੂ- ਕਸ਼ਮੀਰ ਤੋਂ ਧਾਰਾ 370 ਨੂੰ ਰੱਦ ਕੀਤਾ ਗਿਆ, ਜਿਸ ਨਾਲ ਉੱਥੇ ਭਾਰਤੀ ਸੰਵਿਧਾਨ ਪੂਰੀ ਤਰ੍ਹਾਂ ਲਾਗੂ ਹੋਇਆ।

EWS ਰਾਖਵਾਂਕਰਣ (103ਵੀਂ ਸੋਧ)

ਸਧਾਰਣ ਵਰਗ ਦੇ ਆਰਥਿਕ ਤੌਰ 'ਤੇ ਕਮਜ਼ੋਰ ਤਬਕੇ (EWS) ਦੇ ਲਈ 10% ਰਾਖਵਾਂਕਰਣ ਦੀ ਵਿਵਸਥਾ ਲਾਗੂ ਕੀਤੀ ਗਈ, ਜਿਸ ਨੂੰ ਸੁਪਰੀਮ ਕੋਰਟ ਨੇ ਮਨਜ਼ੂਰੀ ਦਿੱਤੀ।



OBC ਕਮਿਸ਼ਨ ਨੂੰ ਸੰਵਿਧਾਨਕ ਦਰਜਾ (102ਵੀਂ ਸੋਧ)

ਰਾਸ਼ਟਰੀ ਪਿਛੜਾ ਵਰਗ ਕਮਿਸ਼ਨ (NCBC) ਨੂੰ ਪੂਰਨ ਸੰਵਿਧਾਨਕ ਦਰਜਾ ਦਿੱਤਾ ਗਿਆ, ਜਿਸ ਨਾਲ ਸਮਾਜਿਕ ਅਤੇ ਅਕਾਦਮਿਕ ਤੌਰ 'ਤੇ ਪਿਛੜੇ ਵਰਗਾਂ ਦੇ ਅਧਿਕਾਰਾਂ ਨੂੰ ਸੰਵਿਧਾਨਕ ਸੁਰੱਖਿਆ ਮਿਲੀ। 105ਵੀਂ ਸੋਧ ਦੇ ਜ਼ਰੀਏ ਰਾਜਾਂ ਨੂੰ ਆਪਣੀ OBC ਸੂਚੀ ਖੁਦ ਬਣਾਉਣ ਦੀ ਸ਼ਕਤੀ ਵੀ ਬਹਾਲ ਕੀਤੀ ਗਈ।

ਸੁਸ਼ਾਸਨ ਦੇ ਥੰਮ੍ਹ

ਯੋਜਨਾਵਾਂ ਵਿੱਚ ਝਲਕਦੀ ਸੰਵਿਧਾਨ ਦੀ ਭਾਵਨਾ

ਜਨ-ਧਨ ਯੋਜਨਾ



- ਜੂਨ 2026 ਤੱਕ 59 ਕਰੋੜ ਤੋਂ ਵੱਧ ਬੈਂਕ ਖਾਤੇ
- ਜਮ੍ਹਾਂ ਰਾਸ਼ੀ 3 ਲੱਖ ਕਰੋੜ ਰੁਪਏ ਪਾਰ
- ਹੁਣ ਤੱਕ ਲਗਭਗ ਕੁੱਲ 54 ਲੱਖ ਕਰੋੜ ਰੁਪਏ ਟ੍ਰਾਂਸਫਰ

ਆਯੁਸ਼ਮਾਨ ਭਾਰਤ



- **47** ਕਰੋੜ+ ਲਾਭਪਾਤਰੀ ਨਾਮਜ਼ਦ
- **33,000+** ਸੂਚੀਬੱਧ ਹਸਪਤਾਲ
- **70+** ਉਮਰ ਦੇ ਲਈ 93 ਲੱਖ+ ਆਯੁਸ਼ਮਾਨ ਵਯ ਵੰਦਨਾ ਕਾਰਡ ਜਾਰੀ

ਜਲ ਜੀਵਨ ਮਿਸ਼ਨ



- ਸ਼ੁਰੂਆਤ ਵਿੱਚ ਸਿਰਫ਼ **17%** ਗ੍ਰਾਮੀਣ ਘਰਾਂ ਵਿੱਚ ਨਲ ਕਨੈਕਸ਼ਨ
- 15 ਅਕਤੂਬਰ, 2026 ਤੱਕ **82.56%** (15.98 ਕਰੋੜ ਪਰਿਵਾਰ) ਕਵਰ
- ਹੁਣ 2028 ਤੱਕ ਵਿਸਤਾਰਿਤ (ਜਲ ਜੀਵਨ ਮਿਸ਼ਨ-2.0)

ਪੀਐੱਮ ਆਵਾਸ ਯੋਜਨਾ

ਪ੍ਰਧਾਨ ਮੰਤ्री आवास योजना-ग्रामीण
Pradhan Mantri Awaas Yojana-Gramin

- ਸ਼ਹਿਰੀ ਵਿੱਚ **1.25+** ਕਰੋੜ ਘਰ ਮਨਜ਼ੂਰ (ਅਗਸਤ 2026)
- ਗ੍ਰਾਮੀਣ ਵਿੱਚ **3.91** ਕਰੋੜ ਮਨਜ਼ੂਰ ਘਰਾਂ ਵਿੱਚੋਂ 3.12 ਕਰੋੜ ਪੂਰੇ
- 2029 ਤੱਕ **4.95** ਕਰੋੜ ਦਾ ਟੀਚਾ

ਪੀਐੱਮ ਕਿਸਾਨ ਸਨਮਾਨ ਨਿਧੀ



- 24ਵੀਂ ਕਿਸ਼ਤ (ਅਕਤੂਬਰ 2026) ਤੱਕ ਕੁੱਲ **4.65** ਲੱਖ ਕਰੋੜ ਰੁਪਏ
- **9.44** ਕਰੋੜ ਕਿਸਾਨ ਪਰਿਵਾਰਾਂ ਨੂੰ ਲਾਭ

ਨਾਰੀ ਸ਼ਕਤੀ ਵੰਦਨ ਅਧਿਨਿਯਮ

- ਸੰਸਦ-ਵਿਧਾਨ ਸਭਾ ਵਿੱਚ ਮਹਿਲਾਵਾਂ ਨੂੰ 33% ਰਾਖਵਾਂਕਰਣ

ਜੀਐੱਸਟੀ ਸੁਧਾਰ 2025



- ਦੋ ਪ੍ਰਮੁੱਖ ਸਲੈਬ (5% ਅਤੇ 18%) ਵਿੱਚ ਸਰਲੀਕਰਣ
- 1.65 ਕਰੋੜ+ ਰਜਿਸਟਰਡ ਟੈਕਸਪੇਅਰ
- 2025-26 ਵਿੱਚ 22.27 ਲੱਖ ਕਰੋੜ ਰੁਪਏ ਟੈਕਸ ਕਲੈਕਸ਼ਨ

ਪਹੁੰਚ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਠੋਸ ਕਦਮ ਹਨ।

ਸਮਾਨਤਾ ਦਾ ਸਿਧਾਂਤ : ਅੰਤਿਮ ਸਿਰੇ ਤੱਕ ਵਿਕਾਸ ਦੀ ਗਰੰਟੀ

ਸੰਵਿਧਾਨ ਦੇ ਮੁੱਖ ਸ਼ਿਲਪੀ ਡਾ.ਅੰਬੇਡਕਰ ਨੇ ਇੱਕ ਅਜਿਹੇ ਭਾਰਤ ਦਾ ਸੁਪਨਾ ਦੇਖਿਆ ਸੀ, ਜਿੱਥੇ ਸਭ ਨੂੰ ਸਮਾਨ ਅਵਸਰ ਦੇ ਕੇ ਸਮਾਜਿਕ ਨਿਆਂ ਸਥਾਪਿਤ ਹੋਵੇ। ਬੀਤੇ ਵਰ੍ਹਿਆਂ ਵਿੱਚ ਕੇਂਦਰ ਸਰਕਾਰ ਨੇ 'ਵੰਚਿਤਾਂ ਨੂੰ ਤਰਜੀਹ' ਦੇ ਸਿਧਾਂਤ ਨੂੰ ਅਪਣਾਉਂਦੇ ਹੋਏ ਉਨ੍ਹਾਂ ਲੋਕਾਂ ਤੱਕ ਖੁਦ ਪਹੁੰਚਣ ਦਾ ਯਤਨ ਕੀਤਾ, ਜਿਨ੍ਹਾਂ ਨੂੰ ਦਹਾਕਿਆਂ ਤੱਕ ਯੋਜਨਾਵਾਂ ਦਾ ਲਾਭ ਨਹੀਂ ਮਿਲਿਆ ਸੀ। ਇਸ ਦਾ ਨਤੀਜਾ ਅੰਕੜਿਆਂ ਵਿੱਚ ਵੀ ਦਿਸਦਾ ਹੈ। ਵੱਖ-ਵੱਖ ਅਧਿਐਨਾਂ ਦੇ ਅਨੁਸਾਰ ਬੀਤੇ ਦਸ ਵਰ੍ਹਿਆਂ ਵਿੱਚ ਕੇਂਦਰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦੇ ਚਲਦਿਆਂ ਦੇਸ਼ ਵਿੱਚ 25 ਕਰੋੜ ਤੋਂ ਵੱਧ ਲੋਕ ਬਹੁ-ਆਯਾਮੀ ਗ਼ਰੀਬੀ ਦੀ ਰੇਖਾ ਤੋਂ ਬਾਹਰ ਆਏ ਹਨ।

ਲੋਕ ਭਲਾਈ ਦੀ ਇਹ ਯਾਤਰਾ ਯੋਜਨਾਵਾਂ ਦੀ ਇੱਕ ਪੂਰੀ ਲੜੀ ਵਿੱਚ ਝਲਕਦੀ ਹੈ। ਹਰ ਯੋਜਨਾ ਦੇ ਤਾਜ਼ਾ ਅੰਕੜੇ ਇਸ ਯਾਤਰਾ ਦੀ ਪ੍ਰਗਤੀ ਨੂੰ ਦਰਸਾਉਂਦੇ ਹਨ। ਪ੍ਰਧਾਨ ਮੰਤਰੀ ਜਨ-ਧਨ ਯੋਜਨਾ ਦੇ ਤਹਿਤ ਹੁਣ ਤੱਕ ਲਗਭਗ 59 ਕਰੋੜ ਤੋਂ ਵੱਧ ਬੈਂਕ ਖਾਤੇ ਖੋਲ੍ਹੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਜਮ੍ਹਾਂ ਰਾਸ਼ੀ 3 ਲੱਖ ਕਰੋੜ ਰੁਪਏ ਨੂੰ ਪਾਰ ਕਰ ਚੁੱਕੀ ਹੈ। ਜਨ-ਧਨ ਖਾਤੇ, ਆਧਾਰ ਅਤੇ ਮੋਬਾਈਲ ਦੀ ਤ੍ਰਿਸ਼ਕਤੀ ਦਾ ਇਸਤੇਮਾਲ ਕਰਕੇ ਡੀਬੀਟੀਦੇ ਮਾਧਿਅਮ ਨਾਲ 320 ਤੋਂ ਵੱਧ ਸਕੀਮਾਂ ਦੇ ਤਹਿਤ ਕੁੱਲ ਲਗਭਗ 53.80 ਲੱਖ ਕਰੋੜ ਰੁਪਏ

“ਇੱਕ ਜਨ ਪ੍ਰਤੀਨਿਧੀ ਜੋ ਸੇਵਾ ਨੂੰ ਇੱਕ ਪਵਿੱਤਰ ਕਰਤੱਵ ਮੰਨਦਾ ਹੈ, ਜਨਤਾ ਦੀ ਭਲਾਈ ਦੇ ਲਈ ਅਣਥੱਕ ਮਿਹਨਤ ਕਰਦਾ ਹੈ, ਸੁਸ਼ਾਸਨ ਦੇ ਮਾਧਿਅਮ ਨਾਲ ਉਨ੍ਹਾਂ ਦੀ ਸੁਰੱਖਿਆ ਅਤੇ ਸਮ੍ਰਿੱਧੀ ਨੂੰ ਯਕੀਨੀ ਬਣਾਉਂਦਾ ਹੈ ਅਤੇ ਨਿਮਰਤਾ, ਆਤਮ-ਅਨੁਸ਼ਾਸਨ ਅਤੇ ਵਿਕਾਸ ਦੇ ਲਈ ਵਚਨਬੱਧਤਾ ਦੇ ਨਾਲ ਸਮਾਜ ਦੀ ਪ੍ਰਗਤੀ ਦੀ ਦਿਸ਼ਾ ਵਿੱਚ ਸਮਰਪਿਤ ਰਹਿੰਦਾ ਹੈ, ਉੱਥੇ ਹੀ ਅਸਲ ਵਿੱਚ �ਨਤਾ ਦਾ ਵਿਸ਼ਵਾਸ, ਸਨਮਾਨ, ਮਾਨਤਾ ਅਤੇ ਸਮ੍ਰਿੱਧੀ ਹਾਸਲ ਕਰਦਾ ਹੈ।

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ

15 ਅਕਤੂਬਰ 2026 ਤੱਕ ਸਿੱਧੇ ਨਾਗਰਿਕਾਂ ਦੇ ਖਾਤੇ ਵਿੱਚ ਭੇਜੇ ਜਾ ਚੁੱਕੇ ਹਨ। ਇਸ ਨਾਲ 5 ਲੱਖ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਗਲਤ ਹੱਥਾਂ ਵਿੱਚ ਜਾਣ ਤੋਂ ਬਚੀ ਹੈ। ਵਿਚੋਲੇ ਖ਼ਤਮ ਹੋਏ ਹਨ।

ਆਯੁਸ਼ਮਾਨ ਭਾਰਤ-ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ ਦੇ ਤਹਿਤ ਹੁਣ 47 ਕਰੋੜ ਤੋਂ ਵੱਧ ਲੋਕ ਨਾਮਜ਼ਦ ਹਨ, ਦੇਸ਼ ਭਰ ਦੇ 33,000 ਤੋਂ ਵੱਧ ਹਸਪਤਾਲ (17,685 ਸਰਕਾਰੀ ਅਤੇ 15,380 ਨਿਜੀ) ਇਸ ਯੋਜਨਾ ਨਾਲ ਜੁੜੇ ਹਨ। 70 ਵਰ੍ਹਿਆਂ ਤੋਂ ਉੱਪਰ ਦੇ 93 ਲੱਖ ਤੋਂ ਵੱਧ ਸੀਨੀਅਰ ਨਾਗਰਿਕਾਂ ਨੂੰ ਅਲੱਗ ਤੋਂ ਆਯੁਸ਼ਮਾਨ ਵਯ ਵੰਦਨਾ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ। ਜਲ ਜੀਵਨ ਮਿਸ਼ਨ ਦੇ ਤਹਿਤ 15 ਅਕਤੂਬਰ 2026 ਤੱਕ ਦੇਸ਼ ਦੇ 19.35 ਕਰੋੜ ਤੋਂ ਵੱਧ ਗ੍ਰਾਮੀਣ ਪਰਿਵਾਰਾਂ ਵਿੱਚੋਂ ਲਗਭਗ 15.98 ਕਰੋੜ (82.56 ਪ੍ਰਤੀਸ਼ਤ) ਤੱਕ ਨਲ ਤੋਂ ਜਲ ਪਹੁੰਚ ਚੁੱਕਿਆ ਹੈ, ਜਦਕਿ 2019 ਵਿੱਚ ਮਿਸ਼ਨ ਸ਼ੁਰੂ ਹੋਣ ਦੇ ਸਮੇਂ ਮੁਸ਼ਕਲ ਨਾਲ 17 ਪ੍ਰਤੀਸ਼ਤ ਘਰਾਂ ਵਿੱਚ ਹੀ ਇਹ ਸੁਵਿਧਾ ਸੀ। 100 ਫੀਸਦੀ ਟੀਚਾ ਹਾਸਲ ਕਰਨ ਦੇ ਲਈ ਮਾਰਚ 2026 ਵਿੱਚ ਕੈਬਨਿਟ ਨੇ ਜਲ ਜੀਵਨ ਮਿਸ਼ਨ 2.0 ਨੂੰ ਮਨਜ਼ੂਰੀ ਦੇ ਕੇ ਇਸਨੂੰ 2028 ਤੱਕ ਵਿਸਤਾਰ ਦਿੱਤਾ ਹੈ। ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ ਦੇ ਤਹਿਤ ਅਗਸਤ 2026 ਤੱਕ 1.25 ਕਰੋੜ ਘਰ ਮਨਜ਼ੂਰ ਹੋ ਚੁੱਕੇ ਹਨ, ਜਦਕਿ ਗ੍ਰਾਮੀਣ ਯੋਜਨਾ ਦੇ ਪਹਿਲੇ ਦੋ ਪੜਾਵਾਂ ਵਿੱਚ ਮਨਜ਼ੂਰ 3.91 ਕਰੋੜ ਘਰਾਂ ਵਿੱਚੋਂ 3.12 ਕਰੋੜ ਘਰਾਂ ਦਾ ਨਿਰਮਾਣ ਪੂਰਾ ਹੋ ਚੁੱਕਿਆ ਹੈ ਅਤੇ 2029 ਤੱਕ 4.95 ਕਰੋੜ ਘਰਾਂ ਦੇ ਟੀਚੇ ਵੱਲ ਤੇਜ਼ੀ ਨਾਲ ਕੰਮ ਜਾਰੀ ਹੈ। ਪੀਐੱਮ ਕਿਸਾਨ ਸਨਮਾਨ ਨਿਧੀ ਦੀ 24ਵੀਂ ਕਿਸ਼ਤ ਅਕਤੂਬਰ 2026 ਵਿੱਚ ਜਾਰੀ ਹੋਣ ਦੇ ਨਾਲ ਹੀ ਇਸ ਯੋਜਨਾ ਦੇ ਤਹਿਤ ਹੁਣ ਤੱਕ ਕੁੱਲ 4.65 ਲੱਖ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ 9.44 ਕਰੋੜ ਕਿਸਾਨ ਪਰਿਵਾਰਾਂ (ਜਿਨ੍ਹਾਂ ਵਿੱਚ 2.18 ਕਰੋੜ ਤੋਂ ਵੱਧ ਮਹਿਲਾਵਾਂ ਸ਼ਾਮਲ ਹਨ) ਤੱਕ ਸਿੱਧੇ ਪਹੁੰਚ ਚੁੱਕੀ ਹੈ। ਸੰਸਦ

ਅਣਗੌਲੇ ਇਤਿਹਾਸ ਦੀ ਪੁਨਰ-ਸਥਾਪਨਾ



ਸੇਂਗੋਲ

ਨਵੇਂ ਸੰਸਦ ਭਵਨ ਦੇ ਲੋਕ ਸਭਾ ਚੈਂਬਰ ਵਿੱਚ ਪ੍ਰਤਿਸ਼ਠਿਤ, ਸੱਤਾ-ਟ੍ਰਾਂਸਫਰ ਅਤੇ ਕਰਤਵਯ-ਪਥ ਦਾ ਪ੍ਰਾਚੀਨ ਪ੍ਰਤੀਕ।

- **ਸੰਵਿਧਾਨ ਹੱਤਿਆ ਦਿਵਸ (25 ਜੂਨ): ਐਮਰਜੈਂਸੀ ਦੀ ਦੁਰਵਰਤੋਂ ਦੀ ਯਾਦ ਵਿੱਚ।**
- **ਵੰਡ ਵਿਭੀਸ਼ਿਕਾ ਸਮ੍ਰਿਤੀ ਦਿਵਸ (14 ਅਗਸਤ): ਵੰਡ ਦੇ ਪੀੜ੍ਹਤਾਂ ਨੂੰ ਸ਼ਰਧਾਂਜਲੀ।**
- **ਆਰਥਿਕ ਤੌਰ ‘ਤੇ ਗ਼ਰੀਬਾਂ ਨੂੰ ਰਾਖਵਾਂਕਰਣ: ਸੰਵਿਧਾਨ ਦੀ 103ਵੀਂ ਸੋਧ ਨਾਲ ਆਰਥਿਕ ਤੌਰ ‘ਤੇ ਕਮਜ਼ੋਰ ਵਰਗਾਂ ਨੂੰ 10% ਰਾਖਵਾਂਕਰਣ।**

ਸ਼੍ਰੀ ਰਾਮ ਮੰਦਿਰ: 22 ਜਨਵਰੀ 2024 ਨੂੰ ਅਯੋਧਿਆ ਵਿੱਚ ਰਾਮਲਲਾ ਦੀ ਪ੍ਰਾਣ-ਪ੍ਰਤਿਸ਼ਠਾ।



ਪਦਮ ਪੁਰਸਕਾਰ: “ਜਨ-ਪਦਮ” ਦੇ ਰੂਪ ਵਿੱਚ ਆਮ ਨਾਗਰਿਕਾਂ ਦੀਆਂ ਉਪਲਬਧੀਆਂ ਨੂੰ ਸਨਮਾਨ।



12ਵਾਂ ਸੰਵਿਧਾਨ ਦਿਵਸ ਵਿਸ਼ੇਸ਼

ਕਵਰ ਸਟੋਰੀ

ਇੱਕ ਰਾਸ਼ਟਰ, ਇੱਕ ਚੋਣ

- 2 ਸਤੰਬਰ 2023 ਨੂੰ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ਹੇਠ ਉੱਚ-ਪੱਧਰੀ ਕਮੇਟੀ ਗਠਿਤ।
- **1951-1967 ਦੇ ਦਰਮਿਆਨ ਦੇਸ਼ ਵਿੱਚ ਇੱਕਠਿਆਂ ਚੋਣਾਂ ਹੁੰਦੀਆਂ ਰਹੀਆਂ ਸਨ।**
- ਕਮੇਟੀ ਦੀ ਰਿਪੋਰਟ 2024 ਵਿੱਚ ਜਾਰੀ, ਕੇਂਦਰੀ ਕੈਬਨਿਟ ਨੇ ਸੰਵਿਧਾਨ (129ਵਾਂ ਸੋਧ) ਬਿਲ, 2024 ਅਤੇ ਯੂਟੀ ਕਾਨੂੰਨ ਸੋਧ ਬਿਲ ਨੂੰ ਮਨਜ਼ੂਰੀ ਦਿੱਤੀ।
- **ਮੌਜੂਦਾ ਸਥਿਤੀ:ਦੋਵੇਂ ਬਿਲ ਸਾਂਸਦ ਪੀ.ਪੀ.ਚੌਧਰੀ ਦੀ ਅਗਵਾਈ ਵਾਲੀ 41-ਮੈਂਬਰੀ ਸੰਯੁਕਤ ਸੰਸਦੀ ਕਮੇਟੀ (ਜੇਪੀਸੀ) ਦੇ ਕੋਲ ਵਿਚਾਰ ਅਧੀਨ; ਰਿਪੋਰਟ ਵਿੰਟਰ ਸੈਸ਼ਨ 2026 ਤੱਕ ਉਮੀਦ ਕੀਤੀ।**
- ਜੇਪੀਸੀ ਦੇ ਅਨੁਮਾਨ ਦੇ ਅਨੁਸਾਰ ਸੰਭਾਵੀ ਬੱਚਤ 7 ਲੱਖ ਕਰੋੜ ਰੁਪਏ ਅਤੇ ਜੀਡੀਪੀ ਵਿੱਚ 1.6% ਤੱਕ ਦਾ ਵਾਧਾ।
- ਸਾਰੀਆਂ ਚੋਣਾਂ ਦੇ ਲਈ ਇੱਕ ਸਮਾਨ ਵੋਟਰ ਸੂਚੀ ਦਾ ਪ੍ਰਸਤਾਵ।

ਪ੍ਰਸਤਾਵਿਤ ਮਾਡਲ: ਪਹਿਲੇ ਪੜਾਅ ਵਿੱਚ ਲੋਕ ਸਭਾ-ਵਿਧਾਨ ਸਭਾ ਚੋਣਾਂ ਇੱਕਠੇ, ਦੂਜੇ ਪੜਾਅ ਵਿੱਚ 100 ਦਿਨਾਂ ਦੇ ਅੰਦਰ ਸਥਾਨਕ ਸੰਸਥਾ ਚੋਣ।



“ਅਸੀਂ ਸੰਵਿਧਾਨ ਵਿੱਚ ਸ਼ਾਮਲ ਸਿਧਾਂਤਾਂ ਨੂੰ ਮਜ਼ਬੂਤ ਕਰਨ ਅਤੇ ਵਿਕਸਿਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਦੇ ਲਈ ਮਿਲ ਕੇ ਕੰਮ ਕਰਨ ਦੀ ਆਪਣੀ ਵਚਨਬੱਧਤਾ ਨੂੰ ਵੀ ਦੁਹਰਾਉਂਦੇ ਹਾਂ। ਅਸੀਂ ਪ੍ਰਗਤੀ ਦੀਆਂ ਨਵੀਆਂ ਉਚਾਈਆਂ ਨੂੰ ਛੂਹ ਸਕੀਏ ਅਤੇ ਗ਼ਰੀਬਾਂ ਅਤੇ ਵੰਚਿਤਾਂ ਦੇ ਸੁਪਨਿਆਂ ਨੂੰ ਪੂਰਾ ਕਰੀਏ।

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਅਤੇ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਨੂੰ 33 ਪ੍ਰਤੀਸ਼ਤ ਰਾਖਵਾਂਕਰਣ ਦੇਣ ਵਾਲਾ ਨਾਰੀ ਸ਼ਕਤੀ ਵੰਦਨ ਅਧਿਨਿਯਮ ਪਾਸ ਹੋ ਕੇ ਦੇਸ਼ ਦੀ ਮਾਤ੍ਰਿ ਸ਼ਕਤੀ ਨੂੰ ਸਨਮਾਨਿਤ ਕਰਨ ਦੀ ਦਿਸ਼ਾ ਵਿੱਚ ਇੱਕ ਇਤਿਹਾਸਕ ਕਦਮ ਬਣ ਚੁੱਕਿਆ ਹੈ।

ਆਰਥਿਕ ਲੋਕਤੰਤਰ:ਹਰ ਨਾਗਰਿਕ ਤੱਕ ਪਹੁੰਚਿਆ ਸੰਵਿਧਾਨ ਦਾ ਨਿਆਂ-ਸਿਧਾਂਤ

ਸੰਵਿਧਾਨ ਦਾ ਸਮਤਾ ਦਾ ਸਿਧਾਂਤ ਸਿਰਫ਼ ਸਮਾਜਿਕ ਖੇਤਰ ਤੱਕ ਸੀਮਤ ਨਹੀਂ, ਸਗੋਂ ਇਹ ਆਰਥਿਕ ਜੀਵਨ ਵਿੱਚ ਵੀ ਉਤਰਿਆ ਹੈ। ਸਤੰਬਰ 2025 ਵਿੱਚ ਲਾਗੂ ਹੋਏ ਅਗਲੀ ਪੀੜ੍ਹੀ ਦੇ ਜੀਐੱਸਟੀ ਸੁਧਾਰਾਂ ਨੇ ਟੈਕਸ ਢਾਂਚੇ ਨੂੰ ਸਿਰਫ਼ ਦੋ ਪ੍ਰਮੁੱਖ ਸਲੈਬ - 5 ਪ੍ਰਤੀਸ਼ਤ ਅਤੇ 18 ਪ੍ਰਤੀਸ਼ਤ ਦੇ ਰੂਪ ਵਿੱਚ ਸਰਲ ਬਣਾ ਦਿੱਤਾ। ਸਾਬਣ, ਟੂਥਪੇਸਟ ਅਤੇ ਬ੍ਰੈਡ ਵਰਗੀਆਂ ਰੋਜਾਨਾ ਦੀਆਂ ਵਸਤੂਆਂ 'ਤੇ ਟੈਕਸ ਘਟਾ ਕੇ 5 ਪ੍ਰਤੀਸ਼ਤ ਜਾਂ ਜ਼ੀਰੋ ਕਰ ਦਿੱਤਾ ਗਿਆ, ਜੀਵਨ-ਰੱਖਿਅਕ ਦਵਾਈਆਂ 'ਤੇ ਟੈਕਸ ਘਟਾ ਕੇ ਜ਼ੀਰੋ ਜਾਂ 5 ਪ੍ਰਤੀਸ਼ਤ ਕੀਤਾ ਗਿਆ। ਖੇਤੀਬਾੜੀ ਉਪਕਰਣਾਂ - ਟਰੈਕਟਰ, ਹਾਰਵੈਸਟਰ, ਰੋਟਾਵੇਟਰ 'ਤੇ ਵੀ ਦਰਾਂ 5 ਪ੍ਰਤੀਸ਼ਤ ਕਰ ਦਿੱਤੀਆਂ ਗਈਆਂ ਜਿਸ ਨੂੰ ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਸਾਨਾਂ ਦੇ ਲਈ ਵਰਦਾਨ ਦੱਸਿਆ। ਦਸਤਕਾਰੀ 'ਤੇ ਜੀਐੱਸਟੀ 12 ਤੋਂ ਘਟਾ ਕੇ 5 ਪ੍ਰਤੀਸ਼ਤ ਕੀਤਾ ਗਿਆ, ਜਿਸ ਨਾਲ ਮੂਰਤੀਆਂ, ਪੇਂਟਿੰਗ, ਜੜਾਉ ਕਾਰਜ ਅਤੇ ਹੈਂਡਬੈਗ ਬਣਾਉਣ ਵਾਲੇ ਕਾਰੀਗਰਾਂ ਨੂੰ ਵੱਡੀ ਰਾਹਤ ਮਿਲੀ। ਖਿਡੌਣਿਆਂ ਅਤੇ ਖੇਡਾਂ ਦੇ ਸਮਾਨ 'ਤੇ ਵੀ ਦਰ 12 ਤੋਂ ਘਟਾ ਕੇ 5 ਪ੍ਰਤੀਸ਼ਤ ਕੀਤੀ ਗਈ, ਜਿਸ ਨਾਲ ਬਾਲ-ਵਿਕਾਸ ਨਾਲ ਜੁੜੇ ਐੱਮਐੱਸਐੱਮਈ ਮੈਨੂਫੈਕਚਰਿੰਗ ਨੂੰ ਬਲ ਮਿਲਿਆ। ਇਨ੍ਹਾਂ ਸੁਧਾਰਾਂ ਦਾ ਸਿੱਧਾ ਲਾਭ ਦੇਸ਼ ਦੇ 1.65 ਕਰੋੜ ਤੋਂ ਵੱਧ ਜੀਐੱਸਟੀ-ਰਜਿਸਟਰਡ ਟੈਕਸਪੇਅਰਸ ਤੱਕ ਪਹੁੰਚਿਆ ਹੈ, ਜਦਕਿ 2017 ਵਿੱਚ ਇਹ ਗਿਣਤੀ ਸਿਰਫ਼ 66.5 ਲੱਖ ਸੀ। ਟੈਕਸ ਕਲੈਕਸ਼ਨ ਵੀ ਲਗਾਤਾਰ ਨਵੀਆਂ ਉਚਾਈਆਂ ਛੂਹ ਰਿਹਾ ਹੈ। ਵਰ੍ਹੇ 2021-22 ਦੇ ਲਗਭਗ 13.76 ਲੱਖ ਕਰੋੜ ਰੁਪਏ ਤੋਂ ਵਧ ਕੇ 2025-26 ਵਿੱਚ ਇਹ ਲਗਭਗ 22.27 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ। ਇਹ ਗਤੀ 2026-27 ਵਿੱਚ ਵੀ ਬਰਕਰਾਰ ਹੈ, ਅਪ੍ਰੈਲ-ਮਈ 2026 ਵਿੱਚ

ਹੀ ਜੀਐੱਸਟੀ ਲਗਭਗ 4.37 ਲੱਖ ਕਰੋੜ ਰੁਪਏ ਤੱਕ ਪਹੁੰਚ ਚੁੱਕਿਆ ਹੈ। ਇਹ ਦੱਸਦਾ ਹੈ ਕਿ ਕਿਸ ਤਰ੍ਹਾਂ ਜ਼ਿਆਦਾਤਰ ਕਾਰੋਬਾਰ ਰਸਮੀ ਟੈਕਸ ਪ੍ਰਣਾਲੀ ਨਾਲ ਜੁੜ ਰਹੇ ਹਨ ਅਤੇ ਸਰਲ ਟੈਕਸ ਢਾਂਚਾ ਰੈਵੇਨਿਊ ਵਾਧੇ ਵਿੱਚ ਵੀ ਸਹਾਇਕ ਬਣ ਰਿਹਾ ਹੈ।

ਆਤਮਨਿਰਭਰਤਾ ਅਤੇ ਸਵਦੇਸ਼ੀ ਦੀ ਇਹੋ ਭਾਵਨਾ 'ਵੋਕਲ ਫੋਰ ਲੋਕਲ' ਦੇ ਰੂਪ ਵਿੱਚ ਇੱਕ ਜਨ-ਅੰਦੋਲਨ ਬਣ ਚੁੱਕੀ ਹੈ। ਪ੍ਰਧਾਨ ਮੰਤਰੀ ਨੇ ਆਪਣੇ ਪਹਿਲੇ 'ਮਨ ਕੀ ਬਾਤ' ਪ੍ਰੋਗਰਾਮ ਤੋਂ ਹੀ ਸਥਾਨਕ ਉਤਪਾਦਾਂ ਨੂੰ ਹੁਲਾਰਾ ਦੇਣ ਦਾ ਜੋ ਸੱਦਾ ਦਿੱਤਾ ਸੀ, ਉਹ ਅੱਜ ਖਿਡੌਣਾ ਉਦਯੋਗ ਵਰਗੇ ਖੇਤਰਾਂ ਵਿੱਚ ਸਪਸ਼ਟ ਨਤੀਜੇ ਦੇ ਰਿਹਾ ਹੈ। ਜਿੱਥੇ ਭਾਰਤ ਨੇ 2025-26 ਵਿੱਚ ਪ੍ਰਮੁੱਖ ਖਿਡੌਣਾ ਸ਼੍ਰੇਣੀਆਂ ਵਿੱਚ 152 ਮਿਲੀਅਨ ਡਾਲਰ ਦਾ ਵਪਾਰ ਸਰਪਲੱਸ ਹਾਸਲ ਕੀਤਾ ਹੈ, ਜੋ ਕਿ ਵਰ੍ਹੇ 2017-18 ਵਿੱਚ ਵਪਾਰ ਘਾਟੇ ਦੀ ਸਥਿਤੀ ਤੋਂ ਇੱਕ ਵੱਡਾ ਬਦਲਾਅ ਹੈ। ਇੱਕ ਜ਼ਿਲ੍ਹਾ ਇੱਕ ਉਤਪਾਦ (ਓਡੀਓਪੀ) ਯੋਜਨਾ ਦੇ ਤਹਿਤ ਹਰ ਜ਼ਿਲ੍ਹੇ ਦੀ ਵਿਸ਼ੇਸ਼ ਪਛਾਣ ਨੂੰ ਬਜ਼ਾਰ ਤੱਕ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਨਾਲ ਜੁੜੇ ਪ੍ਰੋਜੈਕਟਾਂ ਦਾ ਮੁੱਲ 1.71 ਲੱਖ ਕਰੋੜ ਰੁਪਏ ਤੱਕ ਪਹੁੰਚ ਚੁੱਕਿਆ ਹੈ। ਮਾਰਜਿਨ ਮਨੀ ਸਕੀਮ ਦੇ ਤਹਿਤ 6,000 ਕਰੋੜ ਰੁਪਏ ਦੇ ਪ੍ਰੋਜੈਕਟਸ ਮਨਜ਼ੂਰ ਹੋ ਚੁੱਕੇ ਹਨ, ਜਦੋਂ ਕਿ ਸਵਾ ਕਰੋੜ ਤੋਂ ਵੱਧ ਓਡੀਓਪੀ ਕਾਰੀਗਰਾਂ ਨੂੰ ਟ੍ਰੇਂਡ ਕਰਕੇ ਉਨ੍ਹਾਂ ਨੂੰ ਆਧੁਨਿਕ ਟੂਲਕਿੱਟ ਵੀ ਉਪਲਬਧ ਕਰਵਾਈ ਗਈ ਹੈ। ਦਸਤਕਾਰੀ ਖੇਤਰ ਵਿੱਚ ਰਾਸ਼ਟਰੀ ਦਸਤਕਾਰੀ ਵਿਕਾਸ ਪ੍ਰੋਗਰਾਮ ਦੇ ਤਹਿਤ 837 ਕਰੋੜ ਰੁਪਏ ਦੇ ਪ੍ਰਵਾਨਿਤ ਫੰਡ ਨਾਲ 2,325 ਪ੍ਰੋਜੈਕਟਸ ਅਤੇ ਪ੍ਰੋਗਰਾਮ ਮਨਜ਼ੂਰ ਹੋਏ, ਜਿਨ੍ਹਾਂ ਨਾਲ 66,000 ਤੋਂ ਵੱਧ ਕਾਰੀਗਰਾਂ ਨੂੰ ਸਿੱਧਾ ਲਾਭ ਮਿਲਿਆ। ਦਸਤਕਾਰੀ ਖੇਤਰ ਦੇਸ਼ ਭਰ ਵਿੱਚ 35 ਲੱਖ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਇਸ ਵਿੱਚ 70 ਫੀਸਦੀ ਤੋਂ ਵੱਧ ਮਹਿਲਾਵਾਂ ਸ਼ਾਮਲ ਹਨ। ਇਹ ਸੰਵਿਧਾਨ ਦੀ ਉਸ ਭਾਵਨਾ ਦੀ ਜਿਉਂਦੀ ਜਾਗਦੀ ਉਦਾਹਰਣ ਹੈ, ਜਿਸ ਵਿੱਚ ਹਰ ਹੱਥ ਨੂੰ ਸਨਮਾਨਜਨਕ ਕੰਮ ਅਤੇ ਹਰ ਕਾਰੀਗਰ ਨੂੰ ਉਸਦੀ ਕਲਾ ਦਾ ਉਚਿਤ ਮੁੱਲ ਮਿਲੇ।

ਰੱਖਿਆ ਉਤਪਾਦਨ ਵਿੱਚ ਵੀ ਸਵਦੇਸ਼ੀਕਰਣ ਦੀ ਇਹੀ ਕਹਾਣੀ ਦੁਹਰਾਈ ਗਈ ਹੈ। ਰੱਖਿਆ ਨਿਰਯਾਤ 2013-14 ਦੇ 686 ਕਰੋੜ ਰੁਪਏ ਤੋਂ ਵਧ ਕੇ 2025-26 ਵਿੱਚ 38,424 ਕਰੋੜ ਰੁਪਏ ਤੱਕ ਪਹੁੰਚ ਗਿਆ, ਯਾਨੀ 56 ਗੁਣਾ ਵਾਧਾ। ਪੰਜ ਸਕਾਰਾਤਮਕ ਸਵਦੇਸ਼ੀਕਰਣ ਸੂਚੀਆਂ ਦੇ ਜ਼ਰੀਏ 5,500 ਤੋਂ ਵੱਧ ਰੱਖਿਆ ਵਸਤੂਆਂ ਦੀ ਪਛਾਣ ਕੀਤੀ ਗਈ, ਜਿਨ੍ਹਾਂ ਵਿੱਚੋਂ 3,000 ਤੋਂ ਵੱਧ ਦਾ ਸਵਦੇਸ਼ੀਕਰਣ ਫਰਵਰੀ 2025 ਤੱਕ ਹੋ ਚੁੱਕਿਆ ਸੀ ਅਤੇ ਐੱਲਸੀਏ ਤੇਜਸ, ਅਰਜੁਨ ਟੈਂਕ, ਆਰਟਿਲਰੀ ਗਨ, ਅਸਾਲਟ ਰਾਈਫਲ, ਕੌਰਵੇਟ, ਸੋਨਾਰ ਸਿਸਟਮ, ਹਲਕੇ ਲੜਾਕੂ ਹੈਲੀਕੌਪਟਰ ਅਤੇ ਸਵਦੇਸ਼ੀ ਰਡਾਰ ਵਰਗੀਆਂ ਪ੍ਰਣਾਲੀਆਂ ਅੱਜ ਭਾਰਤ ਦੀ ਰਣਨੀਤਕ ਆਤਮਨਿਰਭਰਤਾ ਦੀ ਪਛਾਣ ਬਣ ਚੁੱਕੀਆਂ ਹਨ। ਉਤਪਾਦਨ ਨਾਲ ਜੁੜੀ ਪ੍ਰੋਤਸਾਹਨ (ਪੀਐੱਲਆਈ) ਯੋਜਨਾਵਾਂ ਦੇ ਤਹਿਤ ਮਾਰਚ 2026 ਤੱਕ 2.40 ਲੱਖ ਕਰੋੜ ਰੁਪਏ ਦਾ ਨਿਵੇਸ਼ ਆਕਰਸ਼ਿਤ ਹੋ ਚੁੱਕਿਆ ਹੈ। 15.2 ਲੱਖ ਕਰੋੜ ਰੁਪਏ ਤੋਂ ਵੱਧ ਦੇ ਨਿਰਯਾਤ ਨੂੰ ਸਮਰੱਥ ਬਣਾਇਆ ਹੈ। ਇੰਨਾ ਹੀ ਨਹੀਂ, 14 ਲੱਖ ਤੋਂ ਵੱਧ ਸਿੱਧੇ ਜਾਂ ਅਸਿੱਧੇ ਰੁਜ਼ਗਾਰ ਪੈਦਾ ਹੋਏ ਹਨ। ਇਹ ਦਰਸਾਉਂਦਾ ਹੈ ਕਿ ਸੰਵਿਧਾਨ ਦੁਆਰਾ ਕਲਪਿਤ ਸਮਾਨ ਆਰਥਿਕ ਮੌਕੇ ਹੁਣ ਨੀਤੀ ਅਤੇ ਲਾਗੂਕਰਨ ਦੋਵਾਂ ਪੱਧਰਾਂ 'ਤੇ ਸਾਕਾਰ ਹੋ ਰਹੇ ਹਨ।

ਸੰਵਿਧਾਨ ਦਿਵਸ (2025-26) ਦੇ ਵਿਸ਼ੇਸ਼ ਸੰਯੋਗ



- **ਸਰਦਾਰ ਵੱਲਭ ਭਾਈ ਪਟੇਲ ਦੀ 150ਵੀਂ ਜਯੰਤੀ।**



- **ਭਗਵਾਨ ਬਿਰਸਾ ਮੁੰਡਾ ਦੀ 150ਵੀਂ ਜਯੰਤੀ।**



- ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਪੁਰਬ।
- ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ।
- **ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ।**

- **ਸੰਵਿਧਾਨ ਨੂੰ ਅਪਣਾਉਣ ਦੇ 75-77 ਵਰ੍ਹੇ (2024-2026)**



“ ਸਾਡਾ ਸੰਵਿਧਾਨ ਮਨੁੱਖ ਦੀ ਗਰਿਮਾ, ਸਮਾਨਤਾ ਅਤੇ ਸੁਤੰਤਰਤਾ ਨੂੰ ਸਰਬਉੱਚ ਮਹੱਤਵ ਦਿੰਦਾ ਹੈ। ਇਹ ਸਾਨੂੰ ਅਧਿਕਾਰਾਂ ਨਾਲ ਸਸ਼ਕਤ ਤਾਂ ਕਰਦਾ ਹੀ ਹੈ, ਨਾਲ ਹੀ ਨਾਗਰਿਕ ਦੇ ਰੂਪ ਵਿੱਚ ਸਾਡੇ ਕਰਤੱਵਾਂ ਦੀ ਵੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੂੰ ਸਾਨੂੰ ਹਮੇਸ਼ਾ ਨਿਭਾਉਣ ਦਾ ਯਤਨ ਕਰਨਾ ਚਾਹੀਦਾ ਹੈ। ਇਹ ਕਰਤੱਵ ਇੱਕ ਮਜ਼ਬੂਤ ਲੋਕਤੰਤਰ ਦੀ ਨੀਂਹ ਹਨ। ਆਓ, ਅਸੀਂ ਆਪਣੇ ਕਾਰਜਾਂ ਦੇ ਮਾਧਿਅਮ ਨਾਲ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਈਏ।

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਲੋਕਤੰਤਰ ਦੀ ਜਨਨੀ: ਵਿਸ਼ਵ ਪਲੈਟਫਾਰਮ'ਤੇ ਭਾਰਤ ਦੀ ਪ੍ਰਾਚੀਨ ਵਿਰਾਸਤ

ਭਾਰਤ ਸਿਰਫ਼ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੀ ਨਹੀਂ, ਸਗੋਂ ਲੋਕਤੰਤਰ ਦੀ ਜਨਨੀ ਵੀ ਹੈ। ਭਾਰਤ ਦੇ ਪੰਜ ਹਜ਼ਾਰ ਸਾਲ ਪੁਰਾਣੇ ਵੇਦਾਂ ਵਿੱਚ ਸਭਾਵਾਂ ਅਤੇ ਕਮੇਟੀਆਂ ਦੀ ਚਰਚਾ ਮਿਲਦੀ ਹੈ, ਮਹਾਭਾਰਤ ਵਰਗੇ ਗ੍ਰੰਥਾਂ ਵਿੱਚ ਗਣਾਂ ਅਤੇ ਗਣਤੰਤਰਾਂ ਦੀ ਵਿਵਸਥਾ ਦਾ ਜ਼ਿਕਰ ਹੈ ਅਤੇ ਡਾ. ਅੰਬੇਡਕਰ ਨੇ ਖੁਦ ਬੌਧ ਭਿਕਸ਼ੂ ਸੰਘ ਦੀ ਤੁਲਨਾ ਭਾਰਤੀ ਸੰਸਦ ਨਾਲ ਕਰਦੇ ਹੋਏ ਉਸ ਵਿੱਚ ਪ੍ਰਸਤਾਵ, ਕੋਰਮ ਅਤੇ ਵੋਟਿੰਗ ਵਰਗੇ ਨਿਯਮਾਂ ਦਾ ਜ਼ਿਕਰ ਕੀਤਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਅੰਤਰਰਾਸ਼ਟਰੀ ਪਲੈਟਫਾਰਮਾਂ 'ਤੇ ਵਾਰ-ਵਾਰ ਇਹ ਰੇਖਾਂਕਿਤ ਕੀਤਾ ਹੈ ਕਿ ਲੋਕਤੰਤਰ ਭਾਰਤ ਦੇ ਲਈ ਸਿਰਫ਼ ਇੱਕ ਵਿਵਸਥਾ ਨਹੀਂ, ਸਗੋਂ ਇੱਕ ਸੰਸਕਾਰ, ਇੱਕ ਵਿਚਾਰ ਅਤੇ ਇੱਕ ਪਰੰਪਰਾ ਹੈ। ਅੱਜ ਜਦੋਂ ਭਾਰਤ ਦੀ ਅਰਥਵਿਵਸਥਾ ਤੇਜ਼ੀ ਨਾਲ ਵਿਕਸਿਤ ਹੋ ਰਹੀ ਹੈ ਅਤੇ ਉਸਦਾ ਅੰਤਰਰਾਸ਼ਟਰੀ ਅਕਸ ਮਜ਼ਬੂਤ ਹੋ ਰਿਹਾ ਹੈ, ਤਦ ਪੂਰਾ ਵਿਸ਼ਵ ਇਸਨੂੰ ਆਸ ਭਰੀਆਂ ਨਜ਼ਰਾਂ ਨਾਲ ਦੇਖ ਰਿਹਾ ਹੈ। ਇੱਕ ਅਜਿਹਾ ਦੇਸ਼, ਜਿਸਦੀ ਸਥਿਰਤਾ ਨੂੰ ਲੈ ਕੇ ਕਦੇ ਆਸ਼ੰਕਾਵਾਂ ਜਤਾਈਆਂ ਜਾਂਦੀਆਂ ਸਨ, ਅੱਜ ਆਪਣੀਆਂ ਵਿਭਿੰਨਤਾਵਾਂ 'ਤੇ ਮਾਣ ਕਰਦੇ ਹੋਏ ਪੂਰੀ ਸ਼ਕਤੀ ਨਾਲ ਅੱਗੇ ਵਧ ਰਿਹਾ ਹੈ। ਨਵੇਂ ਸੰਸਦ ਭਵਨ ਵਿੱਚ ਸਥਾਪਿਤ ਪਵਿੱਤਰ ਸੇਂਗੋਲ ਇਸੇ ਸੱਭਿਆਚਾਰਕ ਨਿਰੰਤਰਤਾ ਦਾ ਪ੍ਰਤੀਕ ਹੈ। ਮਹਾਨ ਚੋਲ ਸਾਮਰਾਜ ਵਿੱਚ ਸੱਤਾ ਟ੍ਰਾਂਸਫਰ ਅਤੇ ਕਰਤੱਵ-ਪਥ ਦਾ ਪ੍ਰਤੀਕ ਰਿਹਾ ਸੇਂਗੋਲ ਅੱਜ ਹਰ ਸੈਸ਼ਨ ਦੇ ਸ਼ੁਰੂ ਵਿੱਚ ਰਾਸ਼ਟਰਪਤੀ ਦੇ ਭਾਸ਼ਣ ਤੋਂ ਪਹਿਲਾਂ ਸੰਸਦ ਭਵਨ ਵਿੱਚ ਸਥਾਪਿਤ ਹੋ ਕੇ ਭਾਰਤ ਦੀ ਉਸ ਸੰਵਿਧਾਨਕ ਸ਼ਕਤੀ ਦੀ ਯਾਦ ਦਿਵਾਉਂਦਾ ਹੈ, ਜਿਸਨੂੰ ਬਸਤੀਵਾਦੀ ਕਾਲ ਤੋਂ ਬਾਹਰ ਨਿਕਲਦੇ ਸਮੇਂ ਅਪਣਾਇਆ ਗਿਆ ਸੀ।

ਚੋਣ ਸੁਧਾਰ: ਇੱਕ ਰਾਸ਼ਟਰ, ਇੱਕ ਚੋਣ ਦੀ ਦਿਸ਼ਾ ਵਿੱਚ

ਵਾਰ-ਵਾਰ ਹੋਣ ਵਾਲੀਆਂ ਚੋਣਾਂ ਨਾਲ ਵਿਕਾਸ ਦੀ ਗਤੀ ਵਿੱਚ ਆਉਣ ਵਾਲੇ ਠਹਿਰਾਅ ਨੂੰ ਰੋਕਣ ਦੇ ਲਈ ਕੇਂਦਰ ਸਰਕਾਰ ਨੇ' ਇੱਕ ਦੇਸ਼, ਇੱਕ ਚੋਣ' ਦੀ ਦਿਸ਼ਾ ਵਿੱਚ ਠੋਸ ਕਦਮ ਚੁੱਕੇ ਹਨ। ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ਵਿੱਚ ਗਠਿਤ ਉੱਚ-ਪੱਧਰੀ ਕਮੇਟੀ ਨੇ ਵਿਆਪਕ ਹਿੱਸੇਦਾਰਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ 2024 ਵਿੱਚ ਆਪਣੀ ਰਿਪੋਰਟ ਸੌਂਪੀ, ਜਿਸ ਦੇ ਅਧਾਰ 'ਤੇ ਕੇਂਦਰੀ ਕੈਬਨਿਟ ਨੇ ਸੰਵਿਧਾਨ (129ਵਾਂ ਸੰਸ਼ੋਧਨ) ਬਿਲ, 2024 ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ (ਸੰਸ਼ੋਧਨ) ਬਿਲ, 2024 ਨੂੰ ਸੰਸਦ ਵਿੱਚ ਪੇਸ਼ ਕਰਨ ਦੀ ਮਨਜ਼ੂਰੀ ਦਿੱਤੀ। ਦੋਵੇਂ ਬਿਲ ਫਿਲਹਾਲ ਸਾਂਸਦ ਪੀ.ਪੀ. ਚੌਧਰੀ ਦੀ ਪ੍ਰਧਾਨਗੀ ਵਾਲੀ 41 ਮੈਂਬਰੀ ਸੰਯੁਕਤ ਸੰਸਦੀ ਕਮੇਟੀ (ਜੇਪੀਸੀ) ਦੇ ਵਿਚਾਰ ਅਧੀਨ ਹਨ, ਜਿਸਨੇ ਦੇਸ਼ ਭਰ ਦੇ ਹਿੱਸੇਦਾਰਾਂ ਨਾਲ ਵਿਆਪਕ ਵਿਚਾਰ-ਵਟਾਂਦਰਾ ਕੀਤਾ ਹੈ। ਕਮੇਟੀ ਨੂੰ ਰਿਪੋਰਟ ਸੌਂਪਣ ਦੇ ਲਈ ਸੰਸਦ ਦੇ ਵਿੰਟਰ ਸੈਸ਼ਨ 2026 ਤੱਕ ਦਾ ਸਮਾਂ ਦਿੱਤਾ ਗਿਆ ਹੈ। ਕਮੇਟੀ ਦੇ ਅਨੁਮਾਨ ਦੇ ਅਨੁਸਾਰ, ਇੱਕਠੇ ਚੋਣ ਕਰਵਾਉਣ ਨਾਲ ਸਮੇਂ ਦੇ ਨਾਲ-ਨਾਲ ਲਗਭਗ 7 ਲੱਖ ਕਰੋੜ ਰੁਪਏ ਦੀ ਬੱਚਤ ਹੋ ਸਕਦੀ ਹੈ ਅਤੇ ਭਾਰਤ ਦੀ ਜੀਡੀਪੀ ਵਿੱਚ 1.6 ਪ੍ਰਤੀਸ਼ਤ ਤੱਕ ਦਾ ਵਾਧਾ ਸੰਭਵ ਹੈ। ਪ੍ਰਸਤਾਵਿਤ ਵਿਵਸਥਾ ਵਿੱਚ ਪਹਿਲੇ ਪੜਾਅ ਵਿੱਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇੱਕਠੇ ਕਰਵਾਉਣ ਅਤੇ ਦੂਜੇ ਪੜਾਅ ਵਿੱਚ 100 ਦਿਨਾਂ ਦੇ ਅੰਦਰ ਸਥਾਨਕ ਨਗਰ ਨਿਗਮ (ਲੋਕਲ ਬੌਡੀਜ਼) ਚੋਣਾਂ ਕਰਵਾਉਣ ਦਾ ਪ੍ਰਸਤਾਵ ਹੈ, ਜਿਸ ਨਾਲ ਚੋਣ ਪ੍ਰਕਿਰਿਆ ਵਿੱਚ ਲੱਗਣ ਵਾਲੇ ਸਮੇਂ, ਸਾਧਨਾਂ ਅਤੇ ਪ੍ਰਸ਼ਾਸਨਿਕ ਬੋਝ ਵਿੱਚ ਭਾਰੀ ਕਮੀ ਆਉਣ ਦੀ ਉਮੀਦ ਹੈ।

ਅਧਿਕਾਰ ਅਤੇ ਕਰਤੱਵ ਦਾ ਅਟੂੱਟ ਰਿਸ਼ਤਾ

ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਸਾਰੇ ਅਧਿਕਾਰ, ਨਾਗਰਿਕਾਂ ਦੁਆਰਾ ਸੱਚੀ ਨਿਸ਼ਠਾ ਨਾਲ ਨਿਭਾਏ ਗਏ ਕਰਤੱਵਾਂ ਤੋਂ ਹੀ ਆਉਂਦੇ ਹਨ। ਪਿਛਲੀ ਸ਼ਤਾਬਦੀ ਦੇ ਸ਼ੁਰੂਆਤੀ ਦਹਾਕਿਆਂ ਵਿੱਚ ਜਦੋਂ ਪੂਰੀ ਦੁਨੀਆ ਸਿਰਫ਼ ਅਧਿਕਾਰਾਂ ਦੀ ਗੱਲ ਕਰ ਰਹੀ ਸੀ, ਗਾਂਧੀ ਜੀ ਨੇ ਇੱਕ ਕਦਮ ਅੱਗੇ ਵਧ ਕੇ ਨਾਗਰਿਕਾਂ ਦੇ ਕਰਤੱਵਾਂ



'ਤੇ ਜ਼ੋਰ ਦਿੱਤਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਵਾਰ-ਵਾਰ ਇਸ ਵਿਚਾਰ ਨੂੰ ਅੱਗੇ ਵਧਾਇਆ ਹੈ ਕਿ ਸੰਵਿਧਾਨ ਵਿੱਚ ਜਿੰਨਾ ਮਹੱਤਵ ਅਧਿਕਾਰਾਂ ਦਾ ਹੈ, ਓਨਾ ਹੀ ਮਹੱਤਵ ਕਰਤੱਵਾਂ ਦੀ ਪਾਲਣਾ ਦੀ ਉਮੀਦ ਦਾ ਵੀ ਹੈ। ਸੰਵਿਧਾਨ ਦਿਵਸ ਦੇ ਮੌਕੇ 'ਤੇ ਹੋਣ ਵਾਲੇ ਸਮੂਹਿਕ ਪ੍ਰਸਤਾਵਨਾ-ਪਾਠ ਦਾ ਉਦੇਸ਼ ਵੀ ਇਹੋ ਹੈ ਕਿ ਹਰ ਨਾਗਰਿਕ, ਵਿਸ਼ੇਸ਼ ਤੌਰ 'ਤੇ ਨਵੀਂ ਪੀੜ੍ਹੀ, ਵਿਕਸਿਤ ਭਾਰਤ ਦੇ ਸੰਕਲਪ ਨੂੰ ਪੂਰਾ ਕਰਨ ਦੇ ਲਈ ਨਾਗਰਿਕ ਕਰਤੱਵਾਂ ਨੂੰ ਤਰਜੀਹ ਦੇਵੇ।

ਇਹ ਭਾਵਨਾ ਸਿਰਫ਼ ਭਾਸ਼ਣਾਂ ਤੱਕ ਸੀਮਤ ਨਹੀਂ ਰਹੀ, ਸਗੋਂ ਨੀਤੀ ਨਿਰਮਾਣ ਵਿੱਚ ਵੀ ਝਲਕਦੀ ਹੈ। ਆਈਜੀਓਟੀ (i-GOT) ਕਰਮਯੋਗੀ ਪਲੈਟਫਾਰਮ ਦੇ ਜ਼ਰੀਏ ਸਰਕਾਰੀ ਕਰਮਚਾਰੀਆਂ ਨੂੰ ਕੁਸ਼ਲਤਾ ਅਤੇ ਜਵਾਬਦੇਹੀ ਦੀ ਨਵੀਂ ਸੰਸਕ੍ਰਿਤੀ ਨਾਲ ਜੋੜਿਆ ਗਿਆ ਹੈ, ਤਾਂ 'ਸਵੱਛ ਭਾਰਤ ਮਿਸ਼ਨ' ਦੇ ਤਹਿਤ ਲਗਭਗ 12 ਕਰੋੜ ਪਖਾਨਿਆਂ ਦੇ ਨਿਰਮਾਣ ਨੇ ਨਾਗਰਿਕ ਕਰਤੱਵ ਨੂੰ ਸਵੱਛਤਾ ਦੇ ਵਿਵਹਾਰਕ ਸੰਕਲਪ ਵਿੱਚ ਬਦਲ ਦਿੱਤਾ। 'ਏਕ ਭਾਰਤ ਸ਼੍ਰੇਸ਼ਠ ਭਾਰਤ' ਪਹਿਲ ਦੇ ਜ਼ਰੀਏ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਸੰਸਕ੍ਰਿਤੀ, ਭਾਸ਼ਾ ਅਤੇ ਪਰੰਪਰਾਵਾਂ ਦੀ ਆਪਸੀ ਸਮਝ ਵਧਾ ਕੇ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ, ਜੋ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਨਿਹਿਤ 'ਰਾਸ਼ਟਰ ਦੀ ਏਕਤਾ ਅਤੇ ਅਖੰਡਤਾ' ਦੇ ਆਦਰਸ਼ ਦਾ ਹੀ ਵਿਸਥਾਰ ਹੈ।

ਸੰਵਿਧਾਨਵਾਦ ਦੀ ਪ੍ਰਾਣ-ਪ੍ਰਤਿਸ਼ਠਾ: ਨਵੀਂ ਪੀੜ੍ਹੀ ਦਾ ਸੰਕਲਪ

ਬੀਤੇ 12 ਵਰ੍ਹਿਆਂ ਵਿੱਚ ਭਾਰਤ ਅਤੇ ਉਸ ਦੇ ਸੰਵਿਧਾਨ ਦਾ ਮਜ਼ਬੂਤ ਪੱਖ ਦੁਨੀਆ ਨੇ ਦੇਖਿਆ ਹੈ। ਪਹਿਲਾਂ ਲੋਕਤੰਤਰ ਨਾਲ ਸਬੰਧਿਤ ਗਲੋਬਲ ਚਰਚਾ ਵਿੱਚ ਅਕਸਰ ਐਥਨਜ਼, ਅਮਰੀਕਾ, ਫਰਾਂਸ ਅਤੇ ਮੈਗਨਾਕਾਰਟਾ ਦਾ ਹੀ ਜ਼ਿਕਰ ਹੁੰਦਾ ਸੀ, ਪ੍ਰਾਚੀਨ ਭਾਰਤੀ ਲੋਕਤੰਤਰੀ ਪਰੰਪਰਾਵਾਂ ਅਕਸਰ ਅਣਦੇਖੀਆਂ ਰਹਿ ਜਾਂਦੀਆਂ ਸਨ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੀ ਉਸੇ ਮਹਾਨ ਲੋਕਤੰਤਰੀ ਵਿਰਾਸਤ ਦੀ ਪ੍ਰਾਣ-ਪ੍ਰਤਿਸ਼ਠਾ ਕੀਤੀ ਹੈ। ਸੰਵਿਧਾਨਵਾਦ ਨੂੰ ਇਸ ਤਰ੍ਹਾਂ ਮੁੜ ਸਥਾਪਿਤ ਕੀਤਾ ਗਿਆ ਹੈ ਕਿ ਹੁਣ ਕੋਈ ਵੀ ਸ਼ਾਸਕ ਸੰਵਿਧਾਨ ਦੇ ਨਾਲ ਛੇੜਛਾੜ ਕਰਨ ਦੀ ਹਿੰਮਤ ਨਹੀਂ ਕਰ ਸਕਦਾ। 'ਸੰਵਿਧਾਨ ਹੱਤਿਆ ਦਿਵਸ' ਦੇ ਰੂਪ ਵਿੱਚ ਹਰ ਵਰ੍ਹੇ 25 ਜੂਨ ਨੂੰ ਯਾਦ ਕਰਨਾ ਇਸੇ ਸੰਕਲਪ ਦਾ ਪ੍ਰਤੀਕ ਹੈ ਕਿ ਐਮਰਜੈਂਸੀ ਵਰਗੀ ਘਟਨਾ ਦਾ ਦੋਹਰਾਅ ਦੇਸ਼ ਫਿਰ ਕਦੇ ਸਵੀਕਾਰ ਨਹੀਂ ਕਰੇਗਾ।

ਨਿਸ਼ਚਿਤ ਤੌਰ 'ਤੇ 12ਵਾਂ ਸੰਵਿਧਾਨ ਦਿਵਸ ਸਿਰਫ਼ ਇੱਕ ਤਾਰੀਖ਼ ਦਾ ਉਤਸਵ ਨਹੀਂ, ਸਗੋਂ ਉਸ ਸਮੂਹਿਕ ਚੇਤਨਾ ਦਾ ਉਤਸਵ ਹੈ, ਜਿਸ ਵਿੱਚ ਹਰ ਨਾਗਰਿਕ ਆਪਣੇ ਅਧਿਕਾਰਾਂ ਦੇ ਨਾਲ-ਨਾਲ ਆਪਣੇ ਕਰਤੱਵਾਂ ਨੂੰ ਵੀ ਓਨੀ ਹੀ ਨਿਸ਼ਠਾ ਨਾਲ ਨਿਭਾਉਂਦਾ ਹੈ। ਜਦੋਂ ਸੰਵਿਧਾਨ ਸਭਾ ਦੇ ਮੈਂਬਰਾਂ ਨੇ 2 ਵਰ੍ਹੇ 11 ਮਹੀਨੇ 18 ਦਿਨ ਦੀ ਅਣਥੱਕ ਮਿਹਨਤ ਨਾਲ ਇਹ ਮਹਾਨ ਦਸਤਾਵੇਜ਼ ਸਾਨੂੰ ਸੌਂਪਿਆ ਸੀ, ਤਾਂ ਉਨ੍ਹਾਂ ਦਾ ਸੁਪਨਾ ਸੀ ਕਿ ਆਉਣ ਵਾਲੀ ਹਰ ਪੀੜ੍ਹੀ ਇਸ ਨੂੰ ਜੀਵੇ, ਇਸ ਨੂੰ ਸਮਝੇ ਅਤੇ ਇਸ ਤੋਂ ਸਿੱਖੇ। ਅੱਜ ਜਦੋਂ ਦੇਸ਼ ਵਿਕਸਿਤ ਭਾਰਤ ਦੇ ਸੰਕਲਪ ਨਾਲ ਅੱਗੇ ਵਧ ਰਿਹਾ ਹੈ, ਤਾਂ 140 ਕਰੋੜ ਨਾਗਰਿਕਾਂ ਦੀ ਵੀ ਇਹੋ ਜ਼ਿੰਮੇਵਾਰੀ ਹੈ ਕਿ ਉਹ ਸਮੂਹਿਕ ਸੰਕਲਪ ਦੇ ਨਾਲ ਸੰਵਿਧਾਨ ਦੀ ਪ੍ਰਾਣ-ਪ੍ਰਤਿਸ਼ਠਾ ਦੇ ਸਾਰਥੀ ਬਣਨ, ਜੋ ਸੱਚੇ ਅਰਥਾਂ ਵਿੱਚ ਸੰਵਿਧਾਨ ਦਿਵਸ ਮਨਾਉਣ ਦਾ ਉਦੇਸ਼ ਹੈ। ▪



ਦਿੱਲੀ ਵਿੱਚ ਵਿਜੈਦਸ਼ਮੀ ਸਮਾਰੋਹ ਵਿੱਚ ਸ਼ਾਮਲ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ

ਪੂਰੀ ਹੋਵੇਗੀ 'ਰਾਮ ਸੇ ਰਾਸ਼ਟਰ' ਅਤੇ 'ਦੇਵ ਸੇ ਦੇਸ਼' ਦੀ ਪਰਿਕਲਪਨਾ

ਵਿਜੈਦਸ਼ਮੀ ਦੇ ਪਵਿੱਤਰ ਮੌਕੇ'ਤੇ ਰਾਮਲੀਲਾਵਾਂ ਵਿੱਚ ਦੇਸ਼ ਦੀ ਏਕਤਾ, ਸਮਾਜਿਕ ਸਦਭਾਵਨਾ ਅਤੇ ਭਗਵਾਨ ਸ਼੍ਰੀ ਰਾਮ ਦੇ ਆਦਰਸ਼ਾਂ ਦਾ ਸੰਦੇਸ਼ ਸੁਣਨ ਨੂੰ ਮਿਲਿਆ। ਇਸ ਮੌਕੇ 'ਤੇ 20 ਅਕਤੂਬਰ ਨੂੰ ਦਿੱਲੀ ਦੇ ਇੱਕ ਪ੍ਰੋਗਰਾਮ ਵਿੱਚ ਪਹੁੰਚੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਵਿਜੈਦਸ਼ਮੀ ਦੀ ਵਧਾਈ ਦਿੱਤੀ। ਉਨ੍ਹਾਂ ਨੇ ਭਰੋਸਾ ਜਤਾਇਆ ਕਿ ਅਯੋਧਿਆ ਵਿੱਚ ਪ੍ਰਾਣ ਪ੍ਰਤਿਸ਼ਠਾ ਦੇ ਸਮੇਂ ਲਿਆ ਗਿਆ 'ਰਾਮ ਸੇ ਰਾਸ਼ਟਰ' ਅਤੇ 'ਦੇਵ ਸੇ ਦੇਸ਼' ਦਾ ਸੰਕਲਪ ਅਸੀਂ ਸਾਰੇ ਮਿਲ ਕੇ ਜ਼ਰੂਰ ਕਰਾਂਗੇ ਪੂਰਾ...

ਹਜ਼ਾਰਾਂ ਵਰ੍ਹਿਆਂ ਤੋਂ ਪੂਰਵਜਾਂ ਨੇ ਪ੍ਰਭੂ ਸ਼੍ਰੀ ਰਾਮ ਦੀ ਉਪਾਸਨਾ ਕੀਤੀ ਹੈ। ਇਹ ਆਸਥਾ ਸਿਰਫ਼ ਇਸ ਲਈ ਨਹੀਂ ਹੈ ਕਿ ਸ਼੍ਰੀ ਰਾਮ ਨੇ ਰਾਖਸ਼ਸਰਾਜ ਰਾਵਣ ਦਾ ਅੰਤ ਕੀਤਾ ਸੀ, ਸਗੋਂ ਇਸ ਲਈ ਵੀ ਹੈ ਕਿਉਂਕਿ ਪ੍ਰਭੂ ਰਾਮ ਨੇ ਅਜਿਹੇ ਆਦਰਸ਼ ਦਿੱਤੇ ਜੋ ਮਨੁੱਖਤਾ ਦੇ ਇਤਿਹਾਸ ਵਿੱਚ ਬੇਮਿਸਾਲ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਪ੍ਰਭੂ ਸ਼੍ਰੀ ਰਾਮ ਨੇ ਆਪਣੇ ਜੀਵਨ ਵਿੱਚ ਕਿੰਨੀਆਂ ਹੀ ਮੁਸ਼ਕਲਾਂ ਦਾ ਸਾਹਮਣਾ ਕੀਤਾ, ਪਰ ਉਨ੍ਹਾਂ ਨੇ ਸੱਚਾਈ ਅਤੇ ਨੀਤੀ ਦਾ ਰਸਤਾ ਕਦੇ ਨਹੀਂ ਛੱਡਿਆ। ਉਨ੍ਹਾਂ ਦਾ ਚਰਿੱਤਰ ਹੀ ਅਜਿਹਾ ਹੈ ਕਿ ਉਨ੍ਹਾਂ ਦੇ ਚਿਹਰੇ 'ਤੇ ਨਾ ਰਾਜਗੱਦੀ ਪਾਉਣ ਦੀ ਖੁਸ਼ੀ ਹੋਈ ਅਤੇ ਨਾ ਹੀ ਜੰਗਲ ਜਾਣ ਨਾਲ ਉਨ੍ਹਾਂ ਨੂੰ ਕੋਈ ਦੁੱਖ ਹੋਇਆ। ਉਨ੍ਹਾਂ ਨੇ ਹਰ ਸੰਕਟ ਨੂੰ ਸਹਿ ਕੇ ਵੀ ਧਰਮ ਦੀ ਪਾਲਣਾ ਕੀਤੀ ਅਤੇ ਸੱਚ ਦੀ ਸਥਾਪਨਾ ਕੀਤੀ।

ਸਮਰੱਥਾ ਪਛਾਣਨਾ ਅਤੇ ਸੰਸਾਧਨਾਂ 'ਤੇ ਕਰਨਾ ਹੈ ਵਿਸ਼ਵਾਸ

ਪ੍ਰਭੂ ਸ਼੍ਰੀ ਰਾਮ ਦੇ ਜੀਵਨ ਤੋਂ ਵੱਡੀ ਸਿੱਖਿਆ ਮਿਲਦੀ ਹੈ ਕਿ ਸੰਕਟ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਚੁਣੌਤੀ ਕਿੰਨੀ ਵੀ ਮੁਸ਼ਕਲ ਕਿਉਂ ਨਾ ਹੋਵੇ, ਦੂਜਿਆਂ ਦੇ ਭਰੋਸੇ ਨਹੀਂ ਬੈਠਣਾ ਚਾਹੀਦਾ ਹੈ। ਆਪਣੀ ਸਮਰੱਥਾ ਨੂੰ ਪਛਾਣਨਾ ਹੈ, ਆਪਣੇ ਸੰਸਾਧਨਾਂ 'ਤੇ ਵਿਸ਼ਵਾਸ ਕਰਨਾ ਹੈ, ਆਪਣੇ ਸੰਕਲਪ ਨੂੰ ਸ਼ਕਤੀ ਬਣਾਉਣਾ ਹੈ ਅਤੇ ਆਪਣੇ ਮਿਹਨਤ ਨਾਲ





> *“ ਦੇਸ਼ ਭਰ ਵਿੱਚ ਰਾਮਲੀਲਾਵਾਂ ਦਾ ਮੰਚਨ, ਪ੍ਰਭੂ ਸ਼੍ਰੀ ਰਾਮ ਦੇ ਆਦਰਸ਼ਾਂ ਨੂੰ ਜੀਵੰਤ ਰੱਖਣ ਦੀ ਪਰੰਪਰਾ, ਅੱਤਿਆਚਾਰ ਅਤੇ ਅੱਤਵਾਦ ਦੇ ਅੰਤ ਦਾ ਨਾਅਰਾ, ਝੂਠ ‘ਤੇ ਸੱਚੇ ਸਨਾਤਨ ਦੀ ਜਿੱਤ ਦਾ ਵਿਸ਼ਵਾਸ, ਇਹ ਸਿਰਫ਼ ਤਿਉਹਾਰ ਨਹੀਂ ਹੈ, ਇਹ ਭਾਰਤ ਦੀ ਪ੍ਰਾਣ ਊਰਜਾ ਹੈ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਸਫ਼ਲਤਾ ਦਾ ਮੂਲ ਮੰਤਰ

- ਆਪਣੀ ਸ਼ਕਤੀ ‘ਤੇ ਵਿਸ਼ਵਾਸ।
- ਆਪਣੀ ਸਮਰੱਥਾ ‘ਤੇ ਭਰੋਸਾ।
- ਆਪਣੇ ਸੰਸਾਧਨਾਂ ਦੀ ਸਹੀ ਵਰਤੋਂ।
- ਆਪਣੇ ਟੀਚੇ ਦੇ ਪ੍ਰਤੀ ਅਟੁੱਟ ਸੰਕਲਪ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਸਮਾਧਾਨ ਨਿਕਾਲਣਾ ਹੈ। ਪ੍ਰਭੂ ਸ਼੍ਰੀ ਰਾਮ ਨੇ ਸਿਖਾਇਆ ਹੈ ਕਿ ਰਸਤੇ ਦੀਆਂ ਮੁਸ਼ਕਲਾਂ, ਯਾਤਰਾ ਨੂੰ ਰੋਕ ਨਹੀਂ ਸਕਦੀਆਂ। ਉਨ੍ਹਾਂ ਨੇ ਜਨਤਾ ਦੀ ਸਮੂਹਿਕ ਸ਼ਕਤੀ ਨੂੰ ਜਗਾਇਆ, ਜਨਤਕ ਭਾਗੀਦਾਰੀ ਨੂੰ ਆਪਣੀ ਮਜ਼ਬੂਤੀ ਮਿਲੀ, ਉਪਲਬਧ ਸੰਸਾਧਨਾਂ ਨੂੰ ਜੋੜਿਆ ਅਤੇ ਅਸੰਭਵ ਲਗਣ ਵਾਲੇ ਟੀਚੇ ਨੂੰ ਸੰਭਵ ਬਣਾਇਆ। ਸਾਡੇ ਸਾਹਮਣੇ ਵਿਕਸਿਤ ਭਾਰਤ ਦਾ ਟੀਚਾ ਹੈ, ਸਾਡੇ ਸਾਹਮਣੇ ਆਤਮਨਿਰਭਰ ਭਾਰਤ ਦਾ ਟੀਚਾ ਹੈ। ਸਾਨੂੰ ਜਨਤਕ ਸ਼ਕਤੀ ਤੋਂ ਜਨਤਕ ਭਲਾਈ ਕਰਦੇ ਹੋਏ, ਜਨਤਾ ਦੀਆਂ ਹਰ ਉਮੀਦਾਂ ਨੂੰ ਪੂਰਾ ਕਰਨਾ ਹੈ ਅਤੇ ਇਸ ਦੇ ਲਈ ਵੀ ਸਾਨੂੰ ਭਗਵਾਨ ਰਾਮ ਤੋਂ ਹੀ ਪ੍ਰੇਰਣਾ ਵੀ ਲੈਣੀ ਹੈ।

ਗ਼ਰੀਬਾਂ, ਵੰਚਿਤਾਂ ਦੀ ਸੇਵਾ ਸਰਬਉੱਚ

ਜਦੋਂ ਸ਼੍ਰੀ ਰਾਮ ਜੰਗਲ ਗਏ ਤਾਂ ਉੱਥੇ ਉਨ੍ਹਾਂ ਨੇ ਨਿਸ਼ਾਦਰਾਜ ਨੂੰ ਗਲੇ ਲਗਾਇਆ, ਮਾਤਾ ਸ਼ਬਰੀ ਨੂੰ ਸਨਮਾਨ ਦਿੱਤਾ। ਉਨ੍ਹਾਂ ਨੇ ਦਇਆ, ਨੇਕ ਦਿਲੀ, ਪਿਆਰ ਅਤੇ ਸਦਭਾਵਨਾ ਦੇ ਉੱਚ ਮਾਪਦੰਡ ਸਥਾਪਤ ਕੀਤੇ। ਜੰਗਲ ਤੋਂ ਵਾਪਸ ਆ ਕੇ ਅਯੋਧਿਆ ਦੇ ਰਾਜਾ ਬਣੇ ਤਾਂ ਰਾਮ ਰਾਜ ਦੀ ਸਥਾਪਨਾ ਕੀਤੀ ਜੋ ਅੱਜ ਵੀ ਸੁਸ਼ਾਸਨ ਦਾ ਮਾਪਦੰਡ ਮੰਨਿਆ ਜਾਂਦਾ ਹੈ। ਰਾਮ ਰਾਜ ਅਰਥਾਤ ਅਜਿਹਾ ਸ਼ਾਸਨ, ਜਿੱਥੇ ਕਿਸੇ ਦੇ ਪ੍ਰਤੀ ਭੇਦਭਾਵ ਨਾ ਹੋਵੇ, ਜਿੱਥੇ ਸਾਰਿਆਂ ਨੂੰ ਨਿਆਂ ਮਿਲੇ, ਜਿੱਥੇ ਸਾਰਿਆਂ ਨੂੰ ਸਨਮਾਨ ਦੇ ਮੌਕੇ ਮਿਲਣ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜਨਤਾ ਨੂੰ ਜਨਾਰਦਨ ਮੰਨ ਕੇ, ਨਾਗਰਿਕ ਦੇਵੋ ਭਵ: ਦੇ ਮੰਤਰ ‘ਤੇ ਅੱਗੇ ਵਧਣਾ ਹੈ।

ਜਿੱਤ ਦਾ ਤਿਉਹਾਰ ਹੈ ਵਿਜੈਦਸ਼ਮੀ

ਵਿਜੈਦਸ਼ਮੀ ਜਿੱਤ ਦਾ ਤਿਉਹਾਰ ਹੈ। ਇਹ ਤਿਓਹਾਰ ਹੌਂਸਲਾ ਦਿੰਦਾ ਹੈ ਕਿ ਦੁਸ਼ਮਣ ਚਾਹੇ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਪਰ ਜਿਸਦੇ ਨਾਲ ਸੱਚਾਈ ਅਤੇ ਮਾਨਵਤਾ ਹੁੰਦੀ ਹੈ, ਅੰਤ ਵਿੱਚ ਜਿੱਤ ਉਸੇ ਦੀ ਹੁੰਦੀ ਹੈ। ਵਿਜੈਦਸ਼ਮੀ ਦੀ ਇਹੋ ਭਾਵਨਾ ਹਮੇਸ਼ਾ ਤੋਂ ਭਾਰਤ ਦੀ ਵਿਚਾਰਧਾਰਾ ਰਹੀ ਹੈ।

ਸਾਰਿਆਂ ਨੂੰ ਆਉਣਾ ਪਵੇਗਾ ਇਕਜੁੱਟਤਾ ਨਾਲ

ਦੇਸ਼ ਦੇ ਦੁਸ਼ਮਣਾਂ ਦੇ ਖ਼ਿਲਾਫ਼ ਸਾਰਿਆਂ ਨੂੰ ਮਿਲ ਕੇ ਲੜਨਾ ਹੋਵੇਗਾ। ਦੇਸ਼ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ ਵਾਲੀਆਂ ਤਾਕਤਾਂ, ਸਮਾਜ ਨੂੰ ਵੰਡਣ ਵਾਲੇ ਲੋਕ, ਸੰਸਕ੍ਰਿਤੀ ਨਾਲ ਨਫ਼ਰਤ ਕਰਨ ਵਾਲਿਆਂ ਦੀ ਮਾਨਸਿਕਤਾ, ਇਹ ਸਭ ਦੇਸ਼ ਦੇ ਦੁਸ਼ਮਣ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣਾ ਸੰਕਲਪ ਫਿਰ ਦੁਹਰਾਉਣਾ ਹੈ, ਮਾਂ ਭਾਰਤੀ ਦੇ ਦੁਸ਼ਮਣਾਂ ਨੂੰ ਪਛਾਣਨਾ ਹੋਵੇਗਾ, ਉਨ੍ਹਾਂ ਨੂੰ ਹਰਾਉਣਾ ਹੋਵੇਗਾ। 'ਰਾਸ਼ਟਰ ਪਹਿਲਾਂ' ਸੰਕਲਪ ਲੈਂਦੇ ਹੋਏ, ਸਾਰਿਆਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ■

ਕੇਂਦਰੀ ਕੈਬਨਿਟ ਦੇ ਫ਼ੈਸਲੇ

ਪ੍ਰਧਾਨ ਮੰਤਰੀ ਵਿਕਸਿਤ ਗ੍ਰਾਮ ਸਵਰਾਜ

ਅਤੇ ਕੰਟੇਨਰ ਮੈਨੂਫੈਕਚਰਿੰਗ ਪ੍ਰਮੋਸ਼ਨ ਸਕੀਮ ਨੂੰ ਮਨਜ਼ੂਰੀ

ਗ੍ਰਾਮੀਣ ਖੇਤਰਾਂ ਦੇ ਵਿਕਾਸ ਅਤੇ ਪੰਚਾਇਤਾਂ ਦੇ ਸਸ਼ਕਤੀਕਰਣ ਦੇ ਲਈ ਕੇਂਦਰ ਸਰਕਾਰ ਵਚਨਬੱਧ ਹੈ। ਇਹੋ ਕਾਰਨ ਹੈ ਕਿ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਫ਼ੈਸਲਾ ਲੈਂਦੇ ਹੋਏ ਸਰਕਾਰ ਨੇ 'ਪ੍ਰਧਾਨ ਮੰਤਰੀ ਵਿਕਸਿਤ ਗ੍ਰਾਮ ਸਵਰਾਜ ਯੋਜਨਾ' ਨੂੰ ਮਨਜ਼ੂਰੀ ਦਿੱਤੀ ਹੈ। ਇਹ ਯੋਜਨਾ ਗ੍ਰਾਮੀਣ ਸ਼ਾਸਨ ਵਿਵਸਥਾ ਨੂੰ ਨੈਕਸਟ-ਜੈਨਰੇਸ਼ਨ ਗਵਰਨੈਂਸ ਵੱਲ ਲੈ ਜਾਵੇਗੀ। ਨਾਲ ਹੀ, ਕੰਟੇਨਰ ਮੈਨੂਫੈਕਚਰਿੰਗ ਪ੍ਰਮੋਸ਼ਨ ਸਕੀਮ ਖੇਲੋ ਇੰਡੀਆ ਖੇਡ ਉਪਕਰਣ ਨਿਰਮਾਣ ਯੋਜਨਾ ਅਤੇ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੇ ਲਈ ਮਹਿੰਗਾਈ ਭੱਤੇ ਅਤੇ ਪੈਨਸ਼ਨਰਸ ਲਈ ਮਹਿੰਗਾਈ ਰਾਹਤ ਦੇ ਪ੍ਰਸਤਾਵਾਂ ਨੂੰ ਵੀ ਦਿੱਤੀ ਗਈ ਹੈ ਮਨਜ਼ੂਰੀ...

ਫ਼ੈਸਲੇ: ਵਰ੍ਹੇ 2026-27 ਤੋਂ 2030-31 ਦੇ ਲਈ ਕੇਂਦਰੀ ਸਪਾਂਸਰ ਯੋਜਨਾ ਦੇ ਰੂਪ ਵਿੱਚ 'ਪ੍ਰਧਾਨ ਮੰਤਰੀ ਵਿਕਸਿਤ ਗ੍ਰਾਮ ਸਵਰਾਜ ਯੋਜਨਾ' ਨੂੰ ਮਨਜ਼ੂਰੀ।

ਪ੍ਰਭਾਵ: ਕੇਂਦਰੀ ਸਪਾਂਸਰ ਇਹ ਯੋਜਨਾ 'ਵਿਕਸਿਤ ਭਾਰਤ' ਦੇ ਰਾਸ਼ਟਰੀ ਵਿਜ਼ਨ ਦੇ ਅਨੁਸਾਰ ਗ੍ਰਾਮੀਣ ਸ਼ਾਸਨ ਵਿਵਸਥਾ ਨੂੰ ਨਵੀਂ ਦਿਸ਼ਾ ਦੇਣ ਦੀ ਨਵੀਂ ਪਹਿਲ ਹੈ।

- ਇਸ ਯੋਜਨਾ ਨਾਲ 2.55 ਲੱਖ ਤੋਂ ਵੱਧ ਪੰਚਾਇਤਾਂ ਅਤੇ ਰਵਾਇਤੀ ਸਥਾਨਕ ਸੰਸਥਾਵਾਂ ਦੇ ਲਗਭਗ 32 ਲੱਖ ਚੁਣੇ ਹੋਏ ਪ੍ਰਤੀਨਿਧੀਆਂ ਦੇ ਨਾਲ-ਨਾਲ ਪੰਚਾਇਤ ਅਹੁਦੇਦਾਰਾਂ ਅਤੇ ਹੋਰ ਹਿੱਸੇਦਾਰਾਂ ਨੂੰ ਪ੍ਰਤੱਖ ਲਾਭ ਮਿਲੇਗਾ।
- ਇਹ ਯੋਜਨਾ ਪੰਚਾਇਤਾਂ ਦੀ ਸਮਰੱਥਾ ਨੂੰ ਮਜ਼ਬੂਤ ਕਰੇਗੀ, ਤਾਂ ਜੋ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ (ਗ੍ਰਾਂਟ-ਇਨ-ਏਡ) ਅਤੇ ਹੋਰ ਫੰਡਾਂ ਦੀ ਪ੍ਰਭਾਵਸ਼ਾਲੀ ਵਰਤੋਂ ਸੁਨਿਸ਼ਚਿਤ ਕੀਤੀ ਜਾ ਸਕੇਗੀ ਅਤੇ ਖੁਦ ਦੇ ਸਰੋਤਾਂ ਤੋਂ ਰੈਵੇਨਿਊ (ਓਐੱਸਆਰ) ਜੁਟਾ ਸਕੀਏ। ਔਨਲਾਈਨ ਲੇਖਾ-ਜੋਖਾ, ਔਡਿਟ ਅਤੇ ਜਨਤਕ ਪ੍ਰਗਟਾਵੇ ਨੂੰ ਯਕੀਨੀ ਬਣਾਈਆ ਜਾ ਸਕੇ।
- ਯੋਜਨਾ ਨਾਲ ਸੰਸਾਧਨਾਂ ਦੇ ਪਾਰਦਰਸ਼ੀ ਉਪਯੋਗ ਨੂੰ ਹੁਲਾਰਾ ਮਿਲੇਗਾ, ਸਥਾਨਕ ਵਿਕਾਸ ਸਬੰਧੀ ਕਮੀਆਂ ਨੂੰ ਦੂਰ ਕਰਨ ਵਿੱਚ ਮਦਦ ਮਿਲੇਗੀ ਅਤੇ ਜਵਾਬਦੇਹੀ ਅਤੇ ਆਤਮਨਿਰਭਰ ਪੰਚਾਇਤਾਂ ਨੂੰ ਪ੍ਰੋਤਸਾਹਨ ਮਿਲੇਗਾ।
- ਸਰਕਾਰੀ ਯੋਜਨਾਵਾਂ ਅਤੇ ਰਾਸ਼ਟਰੀ ਪਹਿਲਕਦਮੀਆਂ ਦੀ ਬਿਹਤਰ ਸਮਝ ਵਿਕਸਿਤ ਕਰਨ ਦੇ ਲਈ ਜਾਗਰੂਕਤਾ ਪ੍ਰੋਗਰਾਮਾਂ ਦੇ ਮਾਧਿਅਮ ਨਾਲ ਘੱਟੋ-ਘੱਟ 1 ਕਰੋੜ ਨਾਗਰਿਕਾਂ ਤੱਕ ਪਹੁੰਚ ਬਣਾਈ ਜਾਵੇਗੀ।

ਇਸ ਯੋਜਨਾ ਦਾ ਕੁੱਲ ਬਜਟ 7,395.55 ਕਰੋੜ ਰੁਪਏ ਹੈ।





ਸਾਡੀ ਸਰਕਾਰ ਨੇ ਪ੍ਰਧਾਨ ਮੰਤਰੀ ਵਿਕਸਿਤ ਗ੍ਰਾਮ ਸਵਰਾਜ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ। ਇਸ ਨਾਲ ਸਥਾਨਕ ਸੰਸਾਧਨਾਂ, ਸਮਰੱਥਾਵਾਂ ਅਤੇ ਚੁਣੌਤੀਆਂ ਦੇ ਅਨੁਰੂਪ ਯੋਜਨਾਵਾਂ ਤਿਆਰ ਕੀਤੀਆਂ ਜਾ ਸਕਣਗੀਆਂ। ਇਸ ਕਦਮ ਨਾਲ ਜਨਤਕ ਭਾਗੀਦਾਰੀ ਨੂੰ ਹੋਰ ਬਲ ਮਿਲੇਗਾ, ਜਿਸ ਨਾਲ ਟਿਕਾਊ ਵਿਕਾਸ ਦੇ ਟੀਚਿਆਂ ਨੂੰ ਤੇਜ਼ੀ ਨਾਲ ਹਾਸਲ ਕੀਤਾ ਜਾ ਸਕੇਗਾ। **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਫ਼ੈਸਲਾ: ਕੇਂਦਰ ਸਰਕਾਰ ਦੇ ਕਰਮਚਾਰੀਆਂ ਦੇ ਲਈ ਮਹਿੰਗਾਈ ਭੱਤੇ ਅਤੇ ਪੈਨਸ਼ਨਰਸ ਦੇ ਲਈ ਮਹਿੰਗਾਈ ਰਾਹਤ ਨੂੰ ਮਨਜ਼ੂਰੀ।

ਪ੍ਰਭਾਵ: ਇਹ 1 ਜੁਲਾਈ, 2026 ਤੋਂ ਲਾਗੂ ਹੋਵੇਗਾ। ਇਸ ਨਾਲ ਕੇਂਦਰ ਸਰਕਾਰ ਦੇ ਲਗਭਗ 48.54 ਲੱਖ ਕਰਮਚਾਰੀਆਂ ਅਤੇ 68.71 ਲੱਖ ਪੈਨਸ਼ਨਰਸ ਨੂੰ ਲਾਭ ਮਿਲੇਗਾ।

- ਇਸ ਵਿੱਚ ਮੂਲ ਵੇਤਨ/ਪੈਨਸ਼ਨ ਦੀ ਮੌਜੂਦਾ 60% ਦੀ ਦਰ ਤੋਂ ਇਲਾਵਾ 3% ਦਾ ਵਾਧਾ ਕੀਤਾ ਗਿਆ ਹੈ, ਤਾਂ ਜੋ ਵਧਦੀ ਮਹਿੰਗਾਈ ਦੀ ਪੂਰਤੀ ਕੀਤੀ ਜਾ ਸਕੇ।
- ਮਹਿੰਗਾਈ ਭੱਤੇ ਅਤੇ ਮਹਿੰਗਾਈ ਰਾਹਤ,ਦੋਵਾਂ ਵਿੱਚ ਇਸ ਵਾਧੇ ਨਾਲ ਸਰਕਾਰੀ ਖਜ਼ਾਨੇ 'ਤੇ ਸਲਾਨਾ 10,016.10 ਕਰੋੜ ਰੁਪਏ ਦਾ ਵਿੱਤੀ ਬੋਝ ਪਵੇਗਾ।
- ਇਹ ਵਾਧਾ 7ਵੇਂ ਕੇਂਦਰੀ ਵੇਤਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਮਨਜ਼ੂਰਸ਼ੁਦਾ ਫਾਰਮੂਲੇ ਦੇ ਤਹਿਤ ਕੀਤਾ ਗਿਆ ਹੈ।

ਫ਼ੈਸਲਾ: ਵਿਸ਼ਵ-ਪੱਧਰ 'ਤੇ ਪ੍ਰਤੀਯੋਗੀ ਖੇਡ ਉਪਕਰਣ ਨਿਰਮਾਣ ਈਕੋਸਿਸਟਮ ਵਿਕਸਿਤ ਕਰਨ ਦੇ ਲਈ 'ਖੇਲੋ ਇੰਡੀਆ ਖੇਡ ਉਪਕਰਣ ਨਿਰਮਾਣ ਯੋਜਨਾ' ਨੂੰ ਮਨਜ਼ੂਰੀ।

ਪ੍ਰਭਾਵ: ਇਸ ਯੋਜਨਾ ਦਾ ਉਦੇਸ਼ ਨਿਵੇਸ਼, ਮੈਨੂਫੈਕਚਰਿੰਗ, ਨਵੀਨਤਾ ਅਤੇ ਨਿਰਯਾਤ ਨੂੰ ਹੁਲਾਰਾ ਦੇਣਾ ਅਤੇ ਖੇਡ ਉਪਕਰਣ ਖੇਤਰ ਵਿੱਚ ਦੁਨੀਆ ਭਰ ਵਿੱਚ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕਰਨਾ ਹੈ।

- ਇਸ ਦਾ ਟੀਚਾ ਨਿਵੇਸ਼, ਤਕਨਾਲੋਜੀ ਅੰਗੀਕਾਰ, ਖੋਜ ਅਤੇ ਨਵੀਨਤਾ, ਕੌਸ਼ਲ ਵਿਕਾਸ, ਗੁਣਵੱਤਾ ਪ੍ਰਮਾਣਨ ਅਤੇ ਬਜ਼ਾਰ ਵਿਕਾਸ ਦੇ ਲਈ ਟੀਚਾਬੱਧ ਸਹਾਇਤਾ ਦੇ ਮਾਧਿਅਮ ਨਾਲ ਭਾਰਤ ਦੇ ਖੇਡ ਉਪਕਰਣ ਨਿਰਮਾਣ ਅਧਾਰ ਨੂੰ ਮਜ਼ਬੂਤ ਕਰਨਾ ਹੈ।
- ਇਹ ਯੋਜਨਾ ਗਲੋਬਲ ਪੱਧਰ 'ਤੇ ਪ੍ਰਤੀਯੋਗੀ ਖੇਡ ਉਪਕਰਣ ਉਦਯੋਗ ਦੇ ਵਿਕਾਸ ਨੂੰ ਮਦਦ ਕਰੇਗੀ। ਗਲਬੋਲ ਸਪਲਾਈ ਚੇਨ ਵਿੱਚ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕਰੇਗੀ।
- ਵਰ੍ਹੇ 2026 ਤੋਂ 2033-34 ਦੀ ਮਿਆਦ ਦੇ ਲਈ 1,856.67 ਕਰੋੜ ਰੁਪਏ ਦਾ ਕੁੱਲ ਬਜਟ ਰੱਖਿਆ ਗਿਆ ਹੈ। ਇਸ ਯੋਜਨਾ ਦੀ ਘੋਸ਼ਣਾ ਕੇਂਦਰੀ ਬਜਟ 2026-27 ਵਿੱਚ ਕੀਤੀ ਗਈ ਸੀ।

ਕੈਬਨਿਟ ਦੇ ਫੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਫ਼ੈਸਲਾ: ਵਿੱਤੀ ਵਰ੍ਹੇ 2039-40 ਤੱਕ ਦੇ ਲਈ 10,000 ਕਰੋੜ ਦੇ ਬਜਟ ਦੇ ਨਾਲ 'ਕੰਟੇਨਰ ਮੈਨੂਫੈਕਚਰਿੰਗ ਪ੍ਰਮੋਸ਼ਨ ਸਕੀਮ ਨੂੰ ਮਨਜ਼ੂਰੀ।

ਪ੍ਰਭਾਵ: ਇਸ ਯੋਜਨਾ ਦਾ ਉਦੇਸ਼ ਭਾਰਤ ਵਿੱਚ ਵਿਸ਼ਵ-ਪੱਧਰੀ, ਪ੍ਰਤੀਯੋਗੀ ਕੰਟੇਨਰ ਨਿਰਮਾਣ ਦਾ ਈਕੋਸਿਸਟਮ ਤਿਆਰ ਕਰਨਾ, ਆਯਾਤ 'ਤੇ ਨਿਰਭਰਤਾ ਘਟਾਉਣਾ ਅਤੇ ਸਪਲਾਈ ਚੇਨ ਨੂੰ ਹੋਰ ਵੀ ਜ਼ਿਆਦਾ ਮਜ਼ਬੂਤ ਬਣਾਉਣਾ ਹੈ।

- ਇਸ ਯੋਜਨਾ ਦਾ ਮਕਸਦ ਨਵੀਆਂ ਨਿਰਮਾਣ ਇਕਾਈਆਂ ਨੂੰ ਸਮਰਥਨ ਦੇਣਾ ਅਤੇ ਮੌਜੂਦਾ ਕੰਟੇਨਰ ਨਿਰਮਾਣ ਇਕਾਈਆਂ ਦਾ ਵਿਸਥਾਰ ਕਰਨਾ ਹੈ।
- ਸਲਾਨਾ ਘਰੇਲੂ ਕੰਟੇਨਰ ਨਿਰਮਾਣ ਸਮਰੱਥਾ ਵਿੱਚ 7.5 ਲੱਖ ਟੀਈਯੂ (TEU) (Twenty-foot Equivalent Unit) ਤੱਕ ਲਗਭਗ 10 ਗੁਣਾ ਦਾ ਵਾਧਾ ਹੋਵੇਗਾ।
- ਗੁਣਵੱਤਾਪੂਰਨ ਸ਼ਿਪਿੰਗ ਕੰਟੇਨਰਾਂ ਦੇ ਲਈ ਭਾਰਤ ਨੂੰ ਵਿਸ਼ਵਵਿਆਪੀ ਨਿਰਯਾਤ ਕੇਂਦਰ ਦੇ ਰੂਪ ਵਿੱਚ ਸਥਾਪਿਤ ਕਰਨ ਦੀ ਸਮਰੱਥਾ ਦੇ ਨਾਲ ਇੱਕ ਅੰਤਰਰਾਸ਼ਟਰੀ ਪ੍ਰਤੀਯੋਗੀ ਨਿਰਮਾਣ ਅਧਾਰ ਤਿਆਰ ਹੋਵੇਗਾ।
- ਭਾਰਤ ਦੀਆਂ ਸਮੁੰਦਰੀ ਅਤੇ ਲੌਜਿਸਟਿਕਸ ਸਪਲਾਈ ਚੇਨਸ ਦੇ ਅਨੁਕੂਲਨ ਨੂੰ ਮਜ਼ਬੂਤੀ ਮਿਲੇਗੀ।
- ਅਨੁਮਾਨਿਤ 3,000 ਪ੍ਰਤੱਖ ਰੁਜ਼ਗਾਰ ਅਤੇ 50,000 ਤੋਂ ਵੱਧ ਅਪ੍ਰਤੱਖ ਰੁਜ਼ਗਾਰ ਪੈਦਾ ਹੋਣਗੇ, ਜਦੋਂ ਕਿ ਕੌਰਨਰ ਕਾਸਟਿੰਗ, ਵਿਸ਼ੇਸ਼ ਸਟੀਲ, ਲੱਕੜ ਦੇ ਫ੍ਰੇਮ ਅਤੇ ਪੇਂਟ ਵਰਗੇ ਸਹਾਇਕ ਉਦਯੋਗਾਂ ਨੂੰ ਹੁਲਾਰਾ ਮਿਲੇਗਾ।
- ਕੰਟੇਨਰ ਨਿਰਮਾਣ ਯੋਜਨਾ ਦੀ ਘੋਸ਼ਣਾ ਕੇਂਦਰੀ ਬਜਟ 2026-27 ਵਿੱਚ ਕੀਤੀ ਗਈ ਸੀ।



ਪੀਐੱਮ ਆਵਾਸ – ਗ੍ਰਾਮੀਣ ਦੇ 10 ਵਰ੍ਹੇ



ਸਥਿਰਤਾ... ਮੌਕਾ... ਭਵਿੱਖ ਦੇ ਲਈ ਉਮੀਦ ਦੀ ਨੀਂਹ

ਆਵਾਸ ਦਾ ਨਿਰਮਾਣ ਕਿਸੇ ਵੀ ਪਰਿਵਾਰ ਦੇ ਲਈ ਸੁਰੱਖਿਆ, ਖੁਸ਼ੀ ਅਤੇ ਸਨਮਾਨ ਇਕੱਠੇ ਲੈ ਕੇ ਆਉਂਦਾ ਹੈ। ਇਹੋ ਕਾਰਨ ਹੈ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿੱਚ ਕੇਂਦਰ ਸਰਕਾਰ ਨਾ ਸਿਰਫ਼ ਆਰਥਿਕ ਸਹਾਇਤਾ ਦੇ ਰਹੀ ਹੈ ਸਗੋਂ ਉਸ ਦੇ ਨਾਲ ਬਿਜਲੀ, ਪਾਣੀ, ਪਖਾਨੇ, ਗੈਸ ਕਨੈਕਸ਼ਨ ਵੀ ਦੇ ਰਹੀ ਹੈ। ਬੀਤੇ ਇੱਕ ਦਹਾਕੇ ਵਿੱਚ ਦੇਸ਼ ਵਿੱਚ ਗ੍ਰਾਮੀਣ ਆਵਾਸ ਦੀ ਯਾਤਰਾ ਤਬਦੀਲੀ ਅਤੇ ਗਰਿਮਾ ਦੀ ਕਹਾਣੀ ਹੈ। ਪ੍ਰਧਾਨ ਮੰਤਰੀ ਆਵਾਸ ਯੋਜਨਾ –ਗ੍ਰਾਮੀਣ ਵਿੱਚ 2029 ਤੱਕ 4.95 ਕਰੋੜ ਆਵਾਸ ਦਿੱਤੇ ਜਾਣ ਦਾ ਹੈ ਟੀਚਾ...

ਮਕਾਨ ਸਿਰਫ਼ ਇੱਟਾਂ, ਸੀਮੇਂਟ ਨਾਲ ਤਿਆਰ ਢਾਂਚਾ ਨਹੀਂ ਸਗੋਂ ਇਸ ਨਾਲ ਸਾਡੀਆਂ ਭਾਵਨਾਵਾਂ, ਸਾਡੀਆਂ ਇੱਛਾਵਾਂ ਜੁੜੀਆਂ ਹੁੰਦੀਆਂ ਹਨ। ਘਰ ਦੀ ਚਾਰ ਦੀਵਾਰੀ ਸਾਨੂੰ ਸੁਰੱਖਿਆ ਤਾਂ ਪ੍ਰਦਾਨ ਕਰਦੀ ਹੀ ਹੈ, ਨਾਲ ਹੀ ਸਾਡੇ ਅੰਦਰ ਇੱਕ ਬਿਹਤਰ ਕੱਲ੍ਹ ਦਾ ਭਰੋਸਾ ਅਤੇ ਵਿਸ਼ਵਾਸ ਵੀ ਜਗਾਉਂਦੀ ਹੈ। ਇਸੇ ਭਾਵਨਾ ਅਤੇ ਭਰੋਸੇ ਨੂੰ ਧਿਆਨ ਵਿੱਚ ਰੱਖ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 20 ਨਵੰਬਰ, 2016 ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ–ਗ੍ਰਾਮੀਣ(ਪੀਐੱਮਏਵਾਈ-ਜੀ) ਦੀ ਸ਼ੁਰੂਆਤ ਉੱਤਰ ਪ੍ਰਦੇਸ਼ ਦੇ ਆਗਰਾ ਤੋਂ ਕੀਤੀ ਸੀ। ਪੀਐੱਮਏਵਾਈ-ਜੀ ਦੁਆਰਾ ਬੀਤੇ ਇੱਕ ਦਹਾਕੇ ਵਿੱਚ 3.91 ਕਰੋੜ ਆਵਾਸ ਮਨਜ਼ੂਰ ਕੀਤੇ ਗਏ ਜਿਨ੍ਹਾਂ ਵਿੱਚੋਂ 3 ਅਗਸਤ, 2026 ਤੱਕ 3.12 ਕਰੋੜ ਆਵਾਸਾਂ ਦਾ ਨਿਰਮਾਣ ਪੂਰਾ ਕਰਕੇ ਵੰਡੇ ਵੀ ਜਾ ਚੁੱਕੇ ਹਨ। ਹਾਲੇ 79 ਲੱਖ ਆਵਾਸ ਨਿਰਮਾਣ ਅਧੀਨ ਹਨ। ਆਵਾਸ ਸੁਰੱਖਿਅਤ ਅਤੇ ਗੁਣਵੱਤਾਪੂਰਨ ਹੋਣ ਇਸ ਦੇ ਲਈ ਭਾਰਤ ਸਰਕਾਰ ਨੇ ਗ੍ਰਾਮੀਣ ਖੇਤਰਾਂ ਵਿੱਚ ਲਗਭਗ 4 ਲੱਖ ਰਾਜ ਮਿਸਤਰੀਆਂ ਨੂੰ ਟ੍ਰੇਨਿੰਗ ਵੀ ਦਿੱਤੀ ਹੈ। ਯੋਜਨਾ ਵਿੱਚ ਜੋ ਟੀਚੇ ਰੱਖੇ ਗਏ ਹਨ, ਉਨ੍ਹਾਂ ਵਿੱਚੋਂ ਘੱਟੋ ਘੱਟ 60 ਫੀਸਦੀ ਅਨੁਸੂਚਿਤ ਜਾਤੀ /ਅਨੁਸੂਚਿਤ ਜਨਜਾਤੀ ਦੇ ਯੋਗ ਲਾਭਪਾਤਰੀਆਂ ਦੇ ਲਈ ਰਾਖਵੇਂ ਹਨ।

ਮਹਿਲਾ ਸਸ਼ਕਤੀਕਰਣ

ਪੀਐੱਮਏਵਾਈਯੂ 2.0 ਵਿੱਚ ਕੇਂਦਰੀ ਸਹਾਇਤਾ ਦੁਆਰਾ ਤਿਆਰ ਜਾਂ ਖਰੀਦੇ ਗਏ ਆਵਾਸ ਪਰਿਵਾਰ ਦੀ ਬਾਲਗ ਮਹਿਲਾ ਮੁਖੀ ਦੇ ਨਾਮ 'ਤੇ ਜਾਂ ਪਰਿਵਾਰ ਦੇ ਪੁਰਸ਼ ਮੁਖੀਆ ਅਤੇ ਉਸ ਦੀ ਪਤਨੀ ਦੇ ਸਾਂਝੇ ਨਾਮ 'ਤੇ ਹੋਣੇ ਚਾਹੀਦੇ ਹਨ। ਸਿਰਫ਼ ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਪਰਿਵਾਰ ਵਿੱਚ ਕੋਈ ਬਾਲਗ ਮਹਿਲਾ ਮੈਂਬਰ ਉਪਲਬਧ ਨਾ ਹੋਵੇ, ਆਵਾਸ ਪਰਿਵਾਰ ਦੇ ਪੁਰਸ਼ ਮੈਂਬਰ ਦੇ ਨਾਮ ਹੋ ਸਕਦਾ ਹੈ। ਜੁਲਾਈ 2026 ਤੱਕ ਪੀਐੱਮਏਵਾਈਯੂ 2.0 ਵਿੱਚ 16.20 ਲੱਖ ਮਕਾਨ ਮਨਜ਼ੂਰ ਕੀਤੇ ਗਏ ਜਿਨ੍ਹਾਂ ਵਿੱਚੋਂ 12.62 ਲੱਖ ਮਕਾਨ ਮਹਿਲਾਵਾਂ ਦੇ ਨਾਮ ਮਨਜ਼ੂਰ ਕੀਤੇ ਗਏ ਹਨ। ਇਸ ਦੇ ਨਾਲ ਹੀ ਪੀਐੱਮ ਆਵਾਸ ਯੋਜਨਾ–ਸ਼ਹਿਰੀ ਵਿੱਚ ਮਨਜ਼ੂਰ 1.27 ਕਰੋੜ ਤੋਂ ਵੱਧ ਆਵਾਸਾਂ ਵਿੱਚੋਂ 1 ਕਰੋੜ ਆਵਾਸ ਮਹਿਲਾਵਾਂ ਦੇ ਲਈ ਮਨਜ਼ੂਰ ਕੀਤੇ

ਏਆਈ ਨਾਲ ਗ੍ਰਾਮੀਣ ਆਵਾਸ ਦੀ ਨਿਗਰਾਨੀ

ਕੇਂਦਰ ਸਰਕਾਰ ਪ੍ਰਧਾਨ ਮੰਤਰੀ ਆਵਾਸ ਯੋਜਨਾ – ਗ੍ਰਾਮੀਣ ਵਿੱਚ ਇਹ ਵੀ ਯਕੀਨੀ ਕਰ ਰਹੀ ਹੈ ਕਿ ਬਣਾਇਆ ਗਿਆ ਹਰੇਕ ਘਰ ਅਸਲੀ ਹੋਵੇ ਅਤੇ ਹਰ ਲਾਭਪਾਤਰੀ ਤਸਦੀਕਸ਼ੁਦਾ ਹੋਵੇ। ਇਸ ਦੇ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਟੂਲ ਦੇ ਲਈ ਨਵੇਂ ਆਯਾਮ ਨੂੰ ਨਿਗਰਾਨੀ ਦੇ ਲਈ ਜੋੜਿਆ ਗਿਆ ਹੈ।

- **ਸਿਫਾਰਸ਼ ਕੀਤੀ ਪ੍ਰਣਾਲੀ :** ਏਆਈ ਮਾਡਲ ਅਪਲੋਡ ਕੀਤੀਆਂ ਗਈਆਂ ਤਸਵੀਰਾਂ ਨਾਲ ਦੀਵਾਰਾਂ, ਛੱਤਾਂ, ਦਰਵਾਜਿਆਂ ਅਤੇ ਖਿੜਕੀਆਂ ਵਰਗੀਆਂ ਘਰਾਂ ਦੀਆਂ ਵਿਸ਼ੇਸ਼ਤਾਵਾਂ ਦੀ ਪਛਾਣ ਕਰਦਾ ਹੈ। ਸਿਰਫ ਅਸਲੀ ਅਤੇ ਪੂਰੇ ਘਰਾਂ ਨੂੰ ਅੰਤਿਮ ਰੂਪ ਨਾਲ ਚੁਣ ਕੇ ਉਸ ਦੇ ਪੂਰੇ ਹੋ ਜਾਣ ਨੂੰ ਯਕੀਨੀ ਬਣਾਉਂਦਾ ਹੈ।
- **ਧੋਖਾਧੜੀ ਦੀ ਰੋਕਥਾਮ :** ਮਸ਼ੀਨ ਲਰਨਿੰਗ ਐਲਗੋਰਿਦਮ ਇੱਕ ਹੀ ਇਲਾਕੇ ਵਿੱਚ ਘਰਾਂ ਦੀਆਂ ਤਸਵੀਰਾਂ ਦੇ ਨਾਲ ਦੂਜੇ ਘਰਾਂ ਦੀ ਤੁਲਨਾ ਕਰਦੇ ਹਨ। ਜੇਕਰ ਸਮਾਨਤਾਵਾਂ ਦੇਖੀਆਂ ਜਾਂਦੀਆਂ ਹਨ, ਤਾਂ ਸਿਸਟਮ ਦੁਹਰਾਓ ਜਾਂ ਧੋਖਾਧੜੀ ਰਿਪੋਰਟਿੰਗ ਨੂੰ ਰੋਕਣ ਦੇ ਲਈ ਅਲਰਟ ਕਰਦਾ ਹੈ।
- **ਚਿਹਰਾ ਪ੍ਰਮਾਣੀਕਰਣ ਅਤੇ ਈ-ਕੇਵਾਈਸੀ :** ਲਾਭਪਾਤਰੀਆਂ ਨੂੰ ਆਧਾਰ ਦੇ ਜ਼ਰੀਏ, ਏਆਈ-ਸਮਰੱਥ ਚਿਹਰਾ ਪ੍ਰਮਾਣੀਕਰਣ ਦੇ ਜ਼ਰੀਏ ਤਸਦੀਕ ਕੀਤਾ ਜਾਂਦਾ ਹੈ। ਆਵਾਸ + 2024 ਮੋਬਾਈਲ ਐਪ 3ਡੀ ਹਾਊਸ ਡਿਜ਼ਾਈਨ ਵਰਗੀਆਂ ਨਵੀਆਂ ਸੁਵਿਧਾਵਾਂ ਦੇ ਨਾਲ ਆਧਾਰ ਫੇਸ ਔਥੈਂਟੀਕੇਸ਼ਨ ਨੂੰ ਏਕੀਕ੍ਰਿਤ ਕਰਕੇ ਲਾਭਪਾਤਰੀ ਦੀ ਪਛਾਣ ਵਿੱਚ ਪਾਰਦਰਸ਼ਿਤਾ ਨੂੰ ਹੋਰ ਵਧਾਉਂਦਾ ਹੈ।



“ਪੀਐੱਮ ਆਵਾਸ ਯੋਜਨਾ ਦੇ ਤਹਿਤ ਹੁਣ ਤੱਕ ਕਰੋੜਾਂ ਲਾਭਪਾਤਰੀਆਂ ਨੂੰ ਆਪਣਾ ਪੱਕਾ ਘਰ ਮਿਲ ਚੁੱਕਿਆ ਹੈ। ਸਰਕਾਰ ਹਰ ਲੋੜਵੰਦ ਪਰਿਵਾਰ ਨੂੰ ਘਰ ਮੁਹੱਈਆ ਕਰਵਾਉਣ ਦੇ ਟੀਚੇ ਨੂੰ ਲੈ ਕੇ ਪੂਰੀ ਵਚਨਬੱਧਤਾ ਦੇ ਨਾਲ ਤੇਜ਼ ਗਤੀ ਨਾਲ ਅੱਗੇ ਵਧ ਰਹੀ ਹੈ।

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਪ੍ਰਧਾਨ ਮੰਤਰੀ ਆਵਾਸ ਯੋਜਨਾ - ਸ਼ਹਿਰੀ

ਦੇਸ਼ ਦੇ ਸ਼ਹਿਰੀ ਖੇਤਰਾਂ ਵਿੱਚ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਅਤੇ ਘੱਟ ਆਮਦਨ ਵਾਲੇ ਵਰਗ ਆਦਿ ਸ਼੍ਰੇਣੀਆਂ ਦੇ ਲਈ 1.12 ਕਰੋੜ ਆਵਾਸਾਂ ਦੀ ਮੰਗ ਸਾਹਮਣੇ ਆਈ ਹੈ। 25 ਜੂਨ, 2015 ਤੋਂ ਸ਼ੁਰੂ ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ 1.0 ਵਿੱਚ 111.48 ਲੱਖ ਆਵਾਸ ਅਤੇ ਪੀਐੱਮਏਵਾਈ -2.0 ਵਿੱਚ 16.20 ਲੱਖ ਮਕਾਨਾਂ ਸਮੇਤ ਕੁੱਲ 127.68 ਲੱਖ ਆਵਾਸ ਮਨਜ਼ੂਰ ਕੀਤੇ ਜਾ ਚੁੱਕੇ ਹਨ। ਇਨ੍ਹਾਂ ਵਿੱਚੋਂ 121.03 ਲੱਖ ਆਵਾਸਾਂ ਦਾ ਨਿਰਮਾਣ ਕਾਰਜ ਸ਼ੁਰੂ ਕੀਤਾ ਜਾ ਚੁੱਕਿਆ ਹੈ। 13 ਜੁਲਾਈ, 2026 ਤੱਕ, ਦੇਸ਼ ਭਰ ਵਿੱਚ 99.07 ਲੱਖ ਆਵਾਸਾਂ ਦਾ ਨਿਰਮਾਣ ਪੂਰਾ ਕਰਕੇ ਲਾਭਪਾਤਰੀਆਂ ਨੂੰ ਸੌਂਪੇ ਜਾ ਚੁੱਕੇ ਹਨ।

ਗਏ ਹਨ ਦੇਸ਼ ਇੱਕ ਵਿਕਸਿਤ ਭਾਰਤ ਦਾ ਟੀਚਾ ਲੈ ਕੇ ਅੱਗੇ ਵਧ ਰਿਹਾ ਹੈ। ਇਸ ਵਿੱਚ ਸਸ਼ਕਤ ਗ੍ਰਾਮੀਣ ਆਬਾਦੀ ਦੀ ਮਹੱਤਵਪੂਰਨ ਭੂਮਿਕਾ ਰਹਿਣ ਵਾਲੀ ਹੈ। ਅਜਿਹੇ ਵਿੱਚ ਆਉਣ ਵਾਲੇ ਵਰ੍ਹੇ ਵਿਆਪਕ ਗ੍ਰਾਮੀਣ ਆਵਾਸ ਪ੍ਰਾਪਤ ਕਰਨ ਦੀ ਦਿਸ਼ਾ ਵੱਲ ਇੱਕ ਨਿਰਣਾਇਕ ਕਦਮ ਦੇ ਪ੍ਰਤੀਕ ਹੋਣਗੇ। ਪੜਾਅ I ਅਤੇ II ਵਿੱਚ 31.2 ਕਰੋੜ ਘਰਾਂ ਦਾ ਨਿਰਮਾਣ ਪਹਿਲਾਂ ਹੀ ਪੂਰਾ ਹੋ ਚੁੱਕਿਆ ਹੈ। ਆਵਾਸ ਦੀ ਵੰਡ ਨੂੰ ਮਾਣ, ਸਸ਼ਕਤੀਕਰਣ ਅਤੇ ਸਹੂਲਤਾਂ ਨਾਲ ਜੋੜ ਕੇ, ਇਸ ਨੇ ਲੱਖਾਂ ਲੋਕਾਂ ਦੇ ਜੀਵਨ ਨੂੰ ਬਦਲ ਦਿੱਤਾ ਹੈ। ਇਹ ਤਰੱਕੀ ਇਹ ਯਕੀਨੀ ਬਣਾਉਂਦੀ ਹੈ ਕਿ ਹਰ ਯੋਗ ਪਰਿਵਾਰ ਦੇ ਕੋਲ ਇੱਕ ਸਥਾਈ ਘਰ ਹੋਵੇਗਾ। 2029 ਤੱਕ ਇੱਕ ਸਪਸ਼ਟ ਰੋਡਮੈਪ ਦੇ ਨਾਲ, ਇਹ ਯੋਜਨਾ ਗ੍ਰਾਮੀਣ ਭਾਰਤ ਵਿੱਚ 'ਸਭ ਦੇ ਲਈ ਆਵਾਸ' ਦੇ ਦ੍ਰਿਸ਼ਟੀਕੋਣ ਨੂੰ ਅਮਲੀ ਰੂਪ ਦੇਵੇਗੀ। ■



ਆਰਬੀਆਈ ਦੇ ਡੇਟਾ ਸੈਂਟਰ ਅਤੇ ਸਾਈਬਰ ਸਕਿਓਰਿਟੀ ਟ੍ਰੇਨਿੰਗ ਇੰਸਟੀਟਿਊਟ ਦਾ ਉਦਘਾਟਨ

ਸੁਸ਼ਾਸਨ ਨਾਲ ਸੰਤੁਲਿਤ ਵਿਕਾਸ

ਭਾਰਤ ਅੱਜ, ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਬਿਹਤਰ ਇਨਫ੍ਰਾਸਟ੍ਰਕਚਰ, ਗ਼ਰੀਬ ਪਰਿਵਾਰ ਨੂੰ ਸਨਮਾਨ ਦੇ ਨਾਲ ਜਿਉਣ ਦੇ ਲਈ ਸਹੂਲਤਾਂ, ਡਿਜੀਟਲ ਕਨੈਕਟੀਵਿਟੀ ਉਪਲਬਧ ਕਰਵਾਉਣ ਦੇ ਨਾਲ ਹੀ ਸੁਰੱਖਿਅਤ ਵਿੱਤੀ ਸਮਾਵੇਸ਼ 'ਤੇ ਕੰਮ ਕਰ ਰਿਹਾ ਹੈ। ਅਜਿਹੇ ਸੇਵਾ ਅਤੇ ਸੰਸਾਧਨ ਵਿਕਸਿਤ ਕੀਤੇ ਜਾ ਰਹੇ ਹਨ ਜਿਸ ਨਾਲ ਨਾਗਰਿਕਾਂ ਦੇ ਮਨ ਵਿੱਚ ਇਹ ਵਿਸ਼ਵਾਸ ਪੈਦੋ ਹੋਵੇ ਕਿ ਵਿਕਾਸ ਦੀ ਯਾਤਰਾ ਵਿੱਚ ਉਹ ਪਿੱਛੇ ਨਹੀਂ ਛੂਟੇਗਾ। ਇਨ੍ਹਾਂ ਸਾਰਿਆਂ ਦੇ ਦਰਮਿਆਨ ਭਾਰਤ ਆਪਣੀ ਵਿੱਤੀ ਪ੍ਰਣਾਲੀ ਨੂੰ ਵੀ ਸੁਰੱਖਿਅਤ ਬਣਾ ਰਿਹਾ ਹੈ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 25 ਅਕਤੂਬਰ ਨੂੰ ਓਡੀਸ਼ਾ ਵਿੱਚ ਭਾਰਤੀ ਰਿਜ਼ਰਵ ਬੈਂਕ ਦੇ ਨਵ ਨਿਰਮਿਤ ਡੇਟਾ ਸੈਂਟਰ ਅਤੇ ਸਾਈਬਰ ਸੁਰੱਖਿਆ ਟ੍ਰੇਨਿੰਗ ਸੰਸਥਾਨ ਦਾ ਕੀਤਾ ਉਦਘਾਟਨ...

ਨਾਗਰਿਕਾਂ ਦੇ ਜੀਵਨ ਨੂੰ ਅਸਾਨ ਬਣਾਉਣਾ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਨਵੇਂ ਮੌਕੇ ਪ੍ਰਦਾਨ ਕਰਨਾ ਹੀ ਮੌਜੂਦਾ ਸਰਕਾਰ ਦਾ ਅਸਲ ਉਦੇਸ਼ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪ੍ਰੋਗਰਾਮ ਵਿੱਚ ਕਿਹਾ ਕਿ ਭਾਰਤ ਵਿੱਚ ਗਵਰਨੈਂਸ ਦੀ ਅਪ੍ਰੋਚ ਤੇਜ਼ੀ ਨਾਲ ਬਦਲ ਰਹੀ ਹੈ। ਆਰਬੀਆਈ ਦੀਆਂ ਇਹ ਨਵੀਆਂ ਸਹੂਲਤਾਂ, ਭਾਰਤ ਦੀ ਇੱਕ ਨਵੀਂ ਤਰਜੀਹ ਨੂੰ ਵੀ ਦਰਸਾਉਂਦੀਆਂ ਹਨ। ਅੱਜ ਸਰਕਾਰ ਦਾ ਧਿਆਨ - ਵਿਕਾਸ ਦੀ ਤਰਜੀਹ, ਵਿਕਾਸ ਦੇ ਵਿਸਥਾਰ ਅਤੇ ਵਿਕਾਸ ਦੇ ਆਖਰੀ ਵਿਅਕਤੀ ਤੱਕ ਪਹੁੰਚਣ 'ਤੇ ਹੈ। ਦਹਾਕਿਆਂ ਤੱਕ ਵਿਕਾਸ ਦਾ ਲਾਭ ਦੇਸ਼ ਦੇ ਹਰ ਖੇਤਰ, ਹਰ ਨਾਗਰਿਕ ਤੱਕ ਬਰਾਬਰ ਰੂਪ ਵਿੱਚ ਪਹੁੰਚਾਉਣਾ ਇੱਕ ਵੱਡੀ ਚੁਣੌਤੀ ਰਿਹਾ ਹੈ। ਇਸੇ ਸੋਚ ਨੂੰ ਬਦਲਣ ਦਾ ਯਤਨ ਕੀਤਾ ਹੈ। ਅਸੀਂ ਜਨਤਕ- ਹਿਤੈਸ਼ੀ, ਸਰਗਰਮ ਅਤੇ ਚੰਗੇ ਸ਼ਾਸਨ ਦੇ ਮਾਡਲ ਤੋਂ ਪ੍ਰੇਰਿਤ ਹਾਂ। ਵਿਕਾਸ ਦਾ ਅਰਥ ਭਾਰਤ ਦੀ ਤਰੱਕੀ ਨਿਆਂਸੰਗਤ ਤਰੱਕੀ ਹੈ, ਜਿੱਥੇ ਮੌਕੇ ਸਾਡੇ ਪਿੰਡਾਂ ਅਤੇ ਛੋਟੇ ਸ਼ਹਿਰਾਂ ਤੱਕ ਇੱਕ ਬਰਾਬਰ ਪਹੁੰਚਣ। ਸਾਡਾ ਉਦੇਸ਼ ਹੈ, ਦੂਰ-ਦੁਰਾਡੇ ਦੇ ਖੇਤਰਾਂ ਨੂੰ ਬਿਹਤਰ ਸੰਪਰਕ ਪ੍ਰਦਾਨ ਕਰਨਾ, ਗ਼ਰੀਬ ਪਰਿਵਾਰਾਂ ਨੂੰ ਸਨਮਾਨ ਦੇ ਨਾਲ ਜੀਵਨ ਜਿਉਣ ਲਈ ਸਹੂਲਤਾਂ ਪ੍ਰਦਾਨ ਕਰਨਾ ਅਤੇ ਹਰੇਕ ਨਾਗਰਿਕ ਨੂੰ ਨਿਰੰਤਰ ਇਹ ਵਿਸ਼ਵਾਸ ਦੇਣਾ ਹੈ ਕਿ ਵਿਕਾਸ ਦੀ ਯਾਤਰਾ ਵਿੱਚ ਉਹ ਪਿੱਛੇ ਨਹੀਂ ਰਹੇਗਾ।

ਹੁਣ ਬੈਂਕਿੰਗ ਹੋਵੇਗੀ ਵਧੇਰੇ ਭਰੋਸੇਮੰਦ ਅਤੇ ਸੁਰੱਖਿਅਤ

ਭਾਰਤ ਨੇ ਪਿਛਲੇ ਦਹਾਕੇ ਵਿੱਚ ਬੈਂਕਿੰਗ ਸਹੂਲਤਾਂ ਤੋਂ ਵਾਂਝੇ ਲੋਕਾਂ ਨੂੰ ਇਸ ਪ੍ਰਣਾਲੀ ਨਾਲ ਜੋੜਨ 'ਤੇ ਧਿਆਨ ਕੇਂਦ੍ਰਿਤ ਕੀਤਾ ਹੈ। ਪ੍ਰਧਾਨ ਮੰਤਰੀ ਨਰੇਂਦਰ

ਵਿਕਸਿਤ ਭਾਰਤ ਦਾ ਸਸ਼ਕਤ ਇੰਜਣ ਪੂਰਬੀ ਭਾਰਤ

ਭੁਵਨੇਸ਼ਵਰ ਦੇ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਫਿਰ ਦੁਹਰਾਇਆ ਕਿ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਪੂਰਬੀ ਭਾਰਤ ਵਿਕਾਸ ਦਾ ਇੱਕ ਸਸ਼ਕਤ ਇੰਜਣ ਬਣੇਗਾ। ਓਡੀਸ਼ਾ ਵਿੱਚ ਮੌਜੂਦਾ ਸਰਕਾਰ ਦੀ ਅਗਵਾਈ ਵਿੱਚ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਮਿਲੀ ਹੈ। ਰਾਜ ਆਪਣੇ ਰਵਾਇਤੀ ਖਣਿਜ-ਅਧਾਰਿਤ ਉਦਯੋਗਾਂ ਦੇ ਨਾਲ-ਨਾਲ ਸੈਮੀਕੰਡਕਟਰ, ਇਲੈਕਟ੍ਰੌਨਿਕਸ, ਡੇਟਾ ਸੈਂਟਰ ਅਤੇ ਐਂਡਵਾਂਸਡ ਕੰਪਿਊਟਿੰਗ ਦੇ ਨਵੇਂ ਈਕੋਸਿਸਟਮ ਨੂੰ ਵਿਕਸਿਤ ਕਰ ਰਿਹਾ ਹੈ। ਇਸ ਤਰ੍ਹਾਂ ਓਡੀਸ਼ਾ ਮਾਈਨਜ਼ ਤੋਂ ਲੈ ਕੇ ਮਾਈਕ੍ਰੋਚਿਪ ਤੱਕ ਦੀ ਵਿਕਾਸ ਯਾਤਰਾ ਦੇ ਜ਼ਰੀਏ ਆਪਣੇ ਭਵਿੱਖ ਦੇ ਵੱਡੇ ਮੌਕੇ ਬਣਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਵਿਸ਼ਵਾਸ ਪ੍ਰਗਟਾਇਆ ਕਿ ਵਿਕਾਸ ਦੇ ਇਹ ਉਭਰਦੇ ਖੇਤਰ ਵਿਆਪਕ ਮੌਕਿਆਂ ਦੇ ਦੁਆਰ ਖੋਲ੍ਹਣਗੇ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਮੋਦੀ ਨੇ ਕਿਹਾ ਕਿ ਆਉਣ ਵਾਲਾ ਦਹਾਕਾ ਓਡੀਸ਼ਾ ਦੇ ਨਵੇਂ ਡੇਟਾ ਸੈਂਟਰ ਅਤੇ ਮਜ਼ਬੂਤ ਕੰਪਿਊਟਿੰਗ ਸਿਸਟਮਸ ਦੀ ਮਦਦ ਨਾਲ ਬੈਂਕਿੰਗ ਸੇਵਾਵਾਂ ਨੂੰ ਵਧੇਰੇ ਕੁਸ਼ਲ ਅਤੇ ਭਰੋਸੇਮੰਦ ਬਣਾਉਣ ਦੇ ਲਈ ਸਮਰਪਿਤ ਹੈ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ ਕਿ ਅੱਜ ਕੱਲ੍ਹ ਯੁੱਧ ਸਿਰਫ਼ ਹਥਿਆਰਾਂ ਨਾਲ ਨਹੀਂ ਲੜੇ ਜਾਂਦੇ। ਕਿਸੇ ਦੇਸ਼ ਨੂੰ ਕਮਜ਼ੋਰ ਕਰਨਾ ਹੈ, ਤਾਂ ਉਸ ਦੀ ਇਕੌਨਮੀ 'ਤੇ ਅਟੈਕ ਕਰਕੇ ਵੀ ਇਹ ਕੀਤਾ ਜਾ ਸਕਦਾ ਹੈ। ਅਜਿਹੇ ਵਿੱਚ ਜਦੋਂ ਭਾਰਤ, ਆਰਥਿਕ ਤੌਰ 'ਤੇ ਮਜ਼ਬੂਤ ਹੋ ਰਿਹਾ ਹੈ, ਤਾਂ ਸਾਨੂੰ ਆਪਣੇ ਬੈਂਕਿੰਗ ਸਿਸਟਮ ਨੂੰ ਵੀ ਸਾਈਬਰ ਲੁਟੇਰਿਆਂ, ਸਾਈਬਰ ਅੱਤਵਾਦੀਆਂ ਤੋਂ ਸੁਰੱਖਿਆ ਦੇਣਾ ਲਾਜ਼ਮੀ ਹੈ। ਅੱਜ ਸਾਈਬਰ ਖ਼ਤਰਾ ਅਤੇ ਇਸ ਦਾ ਨੇਚਰ ਬਦਲ ਰਿਹਾ ਹੈ। ਅਜਿਹੀਆਂ ਨਵੀਂ ਚੁਣੌਤੀਆਂ ਦਾ ਸਾਹਮਣਾ ਪੁਰਾਣੀਆਂ ਵਿਵਸਥਾਵਾਂ, ਪੁਰਾਣੇ ਟ੍ਰੇਨਿੰਗ ਸਿਸਟਮ, ਪੁਰਾਣੇ ਟ੍ਰੇਨਿੰਗ ਟੂਲਜ਼ ਨਾਲ ਨਹੀਂ ਕਰ ਸਕਦੇ। ਇਸ ਦੇ ਲਈ ਆਧੁਨਿਕ ਇਨਫ੍ਰਾਸਟ੍ਰਕਚਰ ਵੀ ਚਾਹੀਦੇ ਹਨ ਅਤੇ ਕੁਸ਼ਲ ਮਨੁੱਖੀ ਸੰਸਾਧਨ ਵੀ ਚਾਹੀਦੇ ਹਨ। ਅਜਿਹੇ ਵਿੱਚ ਸਾਈਬਰ ਸਕਿਓਰਿਟੀ ਸੰਸਥਾਨ ਦਾ ਰੋਲ ਬਹੁਤ ਮਹੱਤਵਪੂਰਨ ਬਣ ਜਾਂਦਾ ਹੈ।

ਸਰਕਾਰੀ ਸਹਾਇਤਾ ਵੰਡ ਵਿੱਚ ਲਿਕੇਜ਼ ਖ਼ਤਮ


ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸਾਲ 2014 ਤੱਕ ਅੱਧੀ ਤੋਂ ਵੱਧ ਆਬਾਦੀ ਬੈਂਕਿੰਗ ਵਿਵਸਥਾ ਤੋਂ ਬਾਹਰ ਸੀ। ਮੱਧ ਵਰਗ ਦੇ ਲਈ ਬੈਂਕ ਤੋਂ ਲੋਨ ਲੈਣਾ ਦੂਰ ਦਾ ਸੁਪਨਾ ਸੀ। ਛੋਟੇ ਕਿਸਾਨ, ਭੂਮੀਹੀਣ ਅਤੇ ਮਹਿਲਾਵਾਂ ਦੇ ਲਈ ਇਸ ਦੀ ਕਲਪਨਾ ਕਰਨਾ ਵੀ ਮੁਸ਼ਕਲ ਸੀ। ਵਿੱਤੀ ਸਮਾਵੇਸ਼ ਦੇ ਆਧੁਨਿਕ ਦੌਰ ਨੇ ਦੇਸ਼ ਵਿੱਚ ਇਸ ਸਥਿਤੀ ਨੂੰ ਬਦਲ ਦਿੱਤਾ ਹੈ। ਅੱਜ ਭਾਰਤ ਵਿੱਚ ਡਿਜੀਟਲ ਬੈਂਕਿੰਗ ਨੇ ਹਰ ਕਿਸੇ ਨੂੰ 24 ਘੰਟੇ ਬੈਂਕਿੰਗ ਸੇਵਾਵਾਂ ਨਾਲ ਜੋੜ ਦਿੱਤਾ ਹੈ। ਹਰ ਪਰਿਵਾਰ ਲਾਭਪਾਤਰੀ ਬਣ ਗਿਆ ਹੈ। ਹੁਣ ਸਰਕਾਰੀ ਸਹਾਇਤਾ ਦੀ ਵੰਡ ਵਿੱਚ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਲਿਕੇਜ਼ ਪੂਰੀ ਤਰ੍ਹਾਂ ਖ਼ਤਮ ਹੋ ਗਈ ਹੈ। ਕੇਂਦਰ ਸਰਕਾਰ ਜਿੰਨਾ ਪੈਸਾ ਭੇਜਦੀ ਹੈ, ਇੱਕ-ਇੱਕ ਰੁਪਇਆ ਹੁਣ ਬਿਨਾ ਕਿਸੇ ਕਟੌਤੀ ਦੇ ਸਿੱਧੇ ਲਾਭਪਾਤਰੀ ਦੇ ਖਾਤੇ ਵਿੱਚ ਪਹੁੰਚਦਾ ਹੈ। ਇਹ ਦੇਸ਼ ਵਿੱਚ ਖੋਲ੍ਹੇ ਗਏ ਲਗਭਗ 60 ਕਰੋੜ ਜਨ ਧਨ ਖਾਤਿਆਂ ਦੇ ਕਾਰਨ ਹੀ ਸੰਭਵ ਹੋ ਸਕਿਆ ਹੈ। ■



ਭਾਰਤ ਦੀ ਸਮਰੱਥਾ ਨਾਲ ਵਧੇਗੀ ਵਿਸ਼ਵ ਦੀ ਸਮਰੱਥਾ

‘ਵਿਕਸਿਤ ਭਾਰਤ’ ਦਾ ਸੰਕਲਪ ਨਾ ਸਿਰਫ਼ 140 ਕਰੋੜ ਦੇਸ਼ਵਾਸੀਆਂ ਦੀਆਂ ਇੱਛਾਵਾਂ ਦੀ ਪੂਰਤੀ ਹੈ, ਸਗੋਂ ਇੱਕ ਸ਼ਾਂਤੀਪੂਰਨ ਅਤੇ ਸਮ੍ਰਿੱਧ ਵਿਸ਼ਵ ਦੀ ਗਰੰਟੀ ਵੀ ਹੈ। ਭਾਰਤ ਹੁਣ ਸਿਰਫ਼ ਦੁਨੀਆ ਦਾ ‘ਬੈਂਕ ਆਫਿਸ’ ਨਹੀਂ, ਸਗੋਂ ਨਵੀਨਤਾ ਅਤੇ ਸਮਾਧਾਨ ਦੇਣ ਵਾਲਾ ‘ਬ੍ਰੇਨ ਆਫਿਸ’ ਬਣ ਕੇ ਪੂਰੀ ਮਨੁੱਖਤਾ ਨੂੰ ਸਸ਼ਕਤ ਕਰ ਰਿਹਾ ਹੈ। ਇਨ੍ਹਾਂ ਹੀ ਸ਼ਬਦਾਂ ਦੇ ਨਾਲ ਐੱਨਡੀਟੀਵੀ ਵਰਲਡ ਸਮਿਟ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਬਦਲਦੀ ਆਲਮੀ ਵਿਵਸਥਾ ਵਿੱਚ ਮਜ਼ਬੂਤ ਅੰਤਰਰਾਸ਼ਟਰੀ ਸੰਸਥਾਨ ਅਤੇ ਗਲੋਬਲ ਸਾਊਥ ਦੀ ਸਸ਼ਕਤ ਆਵਾਜ਼, ਅੱਜ ਹੈ ਸਮੇਂ ਦੀ ਮੰਗ...

> *ਵਿਕਸਿਤ ਭਾਰਤ ਸਿਰਫ਼ ਸਾਡੇ ਲਈ ਨਹੀਂ ਹੈ। ਇਹ ਇੱਕ ਬਿਹਤਰ ਵਿਸ਼ਵ ਦੀ ਵੀ ਗਰੰਟੀ ਹੈ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਐੱਨਡੀਟੀਵੀ ਵਰਲਡ ਸਮਿਟ -2026 ਵਿੱਚ 22 ਅਕਤੂਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਆਲਮੀ ਬਦਲਾਅ ਹੁਣ ਆਮ ਨਾਗਰਿਕਾਂ ਦੇ ਰੋਜ਼ਾਨਾ ਜੀਵਨ ਨੂੰ ਸਿੱਧੇ ਤੌਰ ‘ਤੇ ਪ੍ਰਭਾਵਿਤ ਕਰ ਰਹੇ ਹਨ। ਇਨ੍ਹਾਂ ਬਦਲਾਵਾਂ ਦਾ ਅਸਲ ਜੀਵਨ ‘ਤੇ ਪੈਣ ਵਾਲਾ ਪ੍ਰਭਾਵ ਅੰਤਰਰਾਸ਼ਟਰੀ ਮੰਚਾਂ ਦੀ ਲੋੜ ਨੂੰ ਹੋਰ ਵਧਾਉਂਦਾ ਹੈ। ‘ਦ ਵਰਲਡ ਬਿਟਵੀਨ ਆਰਡਰਜ਼’ (ਅਵਿਵਸਥਾ ਅਤੇ ਨਵੀਂ ਵਿਵਸਥਾ ਦੇ ਦਰਮਿਆਨ ਦੁਨੀਆ) ਵਿਸ਼ੇ ਨੂੰ ਚਰਚਾ ਦੇ ਕੇਂਦਰ ਵਿੱਚ ਰੱਖਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਆਲਮੀ ਭਾਈਚਾਰੇ ਨੂੰ ਇਸ ਗੱਲ ‘ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਮੌਜੂਦਾ ਵਿਸ਼ਵ ਵਿਵਸਥਾ ਵਿੱਚ ਬਦਲਾਅ ਕਿਉਂ ਆ ਰਹੇ ਹਨ ਅਤੇ ਪੁਰਾਣੀਆਂ ਵਿਵਸਥਾਵਾਂ ਅੱਜ ਦੇ ਸੰਕਟਾਂ ਦਾ ਹੱਲ ਕਰਨ ਵਿੱਚ ਕਿਉਂ ਅਸਫਲ ਹੋ ਰਹੀਆਂ ਹਨ।

ਕਦੇ ਦੇਸ਼ਾਂ ਨੂੰ ਜੋੜਨ ਵਾਲੇ ਵਪਾਰ, ਤਕਨਾਲੋਜੀ ਅਤੇ ਸਮੁੰਦਰੀ ਮਾਰਗ ਹੁਣ ਹਥਿਆਰ ਦੇ ਰੂਪ ਵਿੱਚ ਇਸਤੇਮਾਲ ਕੀਤੇ ਜਾ ਰਹੇ ਹਨ। ਅਜਿਹੇ ਵਿੱਚ ਅੱਜ ਜ਼ਰੂਰਤ ਅਜਿਹੀ ਸਮਾਵੇਸ਼ੀ ਵਿਸ਼ਵ ਵਿਵਸਥਾ ਦੇ ਨਿਰਮਾਣ ਦੀ ਹੈ, ਜੋ ਸੰਸਥਾਗਤ ਫੈਸਲੇ ਲੈਣ ਦੀ ਪ੍ਰਕਿਰਿਆ ਅਤੇ ਮੌਜੂਦਾ ਵਾਸਤਵਿਕਤਾਵਾਂ ਦੇ ਦਰਮਿਆਨ ਪਾੜੇ ਨੂੰ ਖ਼ਤਮ ਕਰ ਸਕੇ। ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ, “ਅਤੇ ਇੱਥੋਂ ਹੀ ਭਾਰਤ ਦੀ ਭੂਮਿਕਾ ਦਾ ਸਵਾਲ ਪ੍ਰਮੁੱਖਤਾ ਨਾਲ ਸਾਹਮਣੇ ਆਉਂਦਾ ਹੈ।” ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ “ਜੇਕਰ ਸਦੀ ਬਦਲ ਜਾਵੇ ਅਤੇ ਅਸੀਂ ਨਾ ਬਦਲੀਏ, ਤਾਂ ਤਬਦੀਲੀ ਲਿਆਉਣ ਦੀ ਸਾਡੀ ਸਮਰੱਥਾ ਵੀ ਕਮਜ਼ੋਰ ਪੈ ਜਾਂਦੀ ਹੈ।” ਅਜਿਹੇ ਵਿੱਚ ਜ਼ਰੂਰੀ ਹੈ ਕਿ ਉਭਰਦੀ ਹੋਈ ਆਲਮੀ ਵਿਵਸਥਾ ਵਿੱਚ ਬਹੁ ਪੱਖੀ ਸੰਸਥਾਵਾਂ ਵਿੱਚ ਸੁਧਾਰ ਅਤੇ

ਕੁਝ ਮਹੱਤਵਪੂਰਨ ਇਤਿਹਾਸਕ ਪ੍ਰਾਪਤੀਆਂ ਦਾ ਪ੍ਰਧਾਨ ਮੰਤਰੀ ਨੇ ਕੀਤਾ ਜ਼ਿਕਰ...

300 ਗੀਗਾਵਾਟ

ਭਾਰਤ ਨੇ ਪਹਿਲੀ ਵਾਰ ਨੌਨ-ਫੌਸਿਲ ਫਿਊਲ ਸਰੋਤਾਂ ਤੋਂ ਬਿਜਲੀ ਉਤਪਾਦਨ ਦੀ ਸਥਾਪਿਤ ਸਮਰੱਥਾ ਦਾ ਅੰਕੜਾ ਪਾਰ ਕੀਤਾ।



- **25%** ਦਾ ਵਾਧਾ ਦਰਜ ਕੀਤਾ ਗਿਆ ਸਤੰਬਰ ਮਹੀਨੇ ਵਿੱਚ ਵਸਤੂਆਂ ਦੇ ਨਿਰਯਾਤ 'ਤੇ।
- ਦੁਗੱਣੇ ਤੋਂ ਵੀ ਵੱਧ ਹੋ ਗਿਆ ਸਮੁੰਦਰੀ ਖੁਰਾਕ ਉਤਪਾਦਾਂ ਦਾ ਨਿਰਯਾਤ ਪਿਛਲੇ 12 ਵਰ੍ਹਿਆਂ ਵਿੱਚ।
- **3.5** ਕਰੋੜ ਤੋਂ ਵੱਧ ਲਖਪਤੀ ਦੀਦੀਆਂ ਬਣ ਚੁੱਕੀਆਂ ਹਨ, ਟੀਚਾ 6 ਕਰੋੜ ਬਣਾਉਣ ਦਾ।
- **70** ਲੱਖ ਨਵੇਂ ਰੁਜ਼ਗਾਰ ਸਿਰਜਿਤ ਕੀਤੇ ਜਾ ਰਹੇ ਹਨ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ ਵਿੱਚ।
- **12** ਲੱਖ ਰੁਪਏ ਤੱਕ ਦੀ ਆਮਦਨ 'ਤੇ ਜ਼ੀਰੋ ਟੈਕਸ ਦਾ ਲਾਭ ਮੱਧ ਵਰਗ ਨੂੰ ਦਿੱਤਾ ਜਾ ਰਿਹਾ ਹੈ।
- ਸੋਧ ਪ੍ਰਕਾਸ਼ਨਾਂ ਵਿੱਚ ਭਾਰਤ ਤੀਜੇ ਸਥਾਨ 'ਤੇ ਹੈ।
- **1.5** ਲੱਖ ਪੇਟੈਂਟ ਅਪਲਾਈ ਵਰ੍ਹੇ 2025 ਵਿੱਚ ਦਾਖਲ ਕੀਤੇ ਗਏ।
- **20%** ਹਿੱਸਾ ਭਾਰਤ ਵਿੱਚ, ਗਲੋਬਲ ਚਿਪ-ਡਿਜ਼ਾਈਨ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਲੋਕਾਂ ਦਾ।
- 2 ਤੋਂ 3 ਨੈਨੋਮੀਟਰ ਚਿਪ ਡਿਜ਼ਾਈਨ ਕਰਨ ਵਿੱਚ ਸਰਗਰਮ ਤੌਰ 'ਤੇ ਜੁਟੇ ਹਨ ਭਾਰਤੀ ਇੰਜੀਨੀਅਰ।
- **325** ਤੋਂ ਵੱਧ ਚਿਪ ਡਿਜ਼ਾਈਨ ਤਿਆਰ ਕੀਤੇ ਹਨ ਹੁਣ ਤੱਕ ਦੇਸ਼ ਦੇ ਵਿਦਿਆਰਥੀਆਂ ਨੇ।
- ਭਾਰਤ ਵਿੱਚ ਮੌਜੂਦ ਹਨ ਦੁਨੀਆ ਦੇ ਅੱਧੇ ਤੋਂ ਵੱਧ ਗਲੋਬਲ ਕੈਪੇਬਿਲਿਟੀ ਸੈਂਟਰ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੱਕ ਉਦਾਹਰਣ ਦੇ ਕੇ ਦੱਸਿਆ ਕਿ ਭਵਿੱਖ ਦੇ ਸੰਕਟਾਂ ਨਾਲ ਨਜਿੱਠਣ ਦੀ ਤਿਆਰੀ ਦੇ ਲਈ ਬਣਾਈਆਂ ਗਈਆਂ ਸਰਕਾਰੀ ਨੀਤੀਆਂ ਅਤੇ ਲੰਬੇ ਸਮੇਂ ਦੇ ਨਿਵੇਸ਼ਾਂ ਦੀ ਦੂਰਦ੍ਰਿਸ਼ਟੀ ਦਾ ਨਤੀਜਾ ਹੈ ਕਿ ਦਵਾਈ ਉਦਯੋਗ, ਜੋ ਪਹਿਲਾਂ ਕੱਚੇ ਮਾਲ ਦੇ ਲਈ ਕਾਫੀ ਹੱਦ ਤੱਕ ਆਯਾਤ 'ਤੇ ਨਿਰਭਰ ਸੀ, ਹੁਣ ਆਤਮ ਨਿਰਭਰ ਹੋ ਰਿਹਾ ਹੈ। ਇਸ ਵਿੱਚ ਪੀਐੱਲਆਈ ਯੋਜਨਾ ਦੀ ਵੱਡੀ ਭੂਮਿਕਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਨਵੀਨਤਾ ਨੂੰ ਹੁਲਾਰਾ ਦੇਣ, ਨਵੇਂ ਰਾਹ ਲੱਭਣ, ਚੁਣੌਤੀਆਂ ਨੂੰ ਮੌਕਿਆਂ ਵਿੱਚ ਬਦਲਣ ਅਤੇ ਭਾਰਤ ਦੀ ਸਫਲਤਾ ਨੂੰ ਆਲਮੀ ਸਮ੍ਰਿੱਧ ਨਾਲ ਜੋੜਨ ਦਾ ਸੰਕਲਪ ਵਿਅਕਤ ਕੀਤਾ। ਉਨ੍ਹਾਂ ਨੇ ਕਿਹਾ "ਅਸੀਂ ਵੱਡੇ ਸੁਪਨੇ ਦੇਖਾਂਗੇ, ਹਰ ਚੁਣੌਤੀ ਨੂੰ ਮੌਕੇ ਵਿੱਚ ਬਦਲਾਂਗੇ ਅਤੇ ਆਪਣੇ ਹਰ ਸੰਕਲਪ ਨੂੰ ਸਿੱਧੀ ਤੱਕ ਪਹੁੰਚਾਵਾਂਗੇ।"



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਗਲੋਬਲ ਸਾਊਥ ਦੀ ਆਵਾਜ਼ ਨੂੰ ਤੁਰੰਤ ਉਚਿਤ ਸਥਾਨ ਦਿੱਤਾ ਜਾਵੇ।

ਸ਼ਕਤੀਸ਼ਾਲੀ ਦੇਸ਼ ਕਮਜ਼ੋਰ ਦੇਸ਼ਾਂ ਦਾ ਸ਼ੋਸ਼ਣ ਨਾ ਕਰਨ। ਇਸੇ ਦ੍ਰਿਸ਼ਟੀਕੋਣ ਨਾਲ ਭਾਰਤ ਨੇ ਕੋਵਿਡ-19 ਦੇ ਦੌਰਾਨ ਅੱਗੇ ਵਧ ਕੇ 100 ਤੋਂ ਵੱਧ ਦੇਸ਼ਾਂ ਨੂੰ ਟੀਕੇ ਅਤੇ ਦਵਾਈਆਂ ਉਪਲਬਧ ਕਰਵਾਈਆਂ। ਸਬਕਾ ਸਾਥ, ਸਬਕਾ ਵਿਕਾਸ ਦੇ ਮੂਲ ਮੰਤਰ 'ਤੇ ਚੱਲਦੇ ਹੋਏ ਭਾਰਤ ਨੇ ਜੀ-20 ਅਤੇ ਬ੍ਰਿਕਸ ਸਮਿਟ ਦੇ ਦੌਰਾਨ ਆਮ ਸਹਿਮਤੀ ਬਣਾਈ ਅਤੇ ਦੋਵੇਂ ਹੀ ਮੌਕਿਆਂ 'ਤੇ ਸਰਬ ਸਹਿਮਤੀ ਨਾਲ ਦਿੱਲੀ ਘੋਸ਼ਣਾ ਪੱਤਰ ਪਾਸ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ। ਭਾਰਤ ਦੀ ਵਧਦੀ ਸ਼ਕਤੀ ਨੂੰ ਆਲਮੀ ਭਲਾਈ ਨਾਲ ਸਿੱਧੇ ਤੌਰ 'ਤੇ ਜੋੜਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੇਸ਼ ਦੀਆਂ ਨੀਤੀਆਂ ਕੁਝ ਪਲਾਂ ਦੀ ਬਜਾਏ ਸਦੀਵੀ ਸੱਭਿਅਤਾਗਤ ਕਦਰਾਂ-ਕੀਮਤਾਂ 'ਤੇ ਅਧਾਰਿਤ ਹਨ। ਇਸ ਲਈ, ਇੱਕ ਮਜ਼ਬੂਤ ਭਾਰਤ ਆਲਮੀ ਸਥਿਰਤਾ ਅਤੇ ਨਿਰੰਤਰਤਾ ਦੀ ਗਰੰਟੀ ਦਿੰਦਾ ਹੈ। ■



ਵਿਕਸਿਤ ਭਾਰਤ ਦਾ ਅਧਾਰ... ਵਿਗਿਆਨਕ ਖੋਜ ਅਤੇ ਇਨੋਵੇਸ਼ਨ

'ਵਿਕਸਿਤ ਭਾਰਤ' ਦੇ ਸੰਕਲਪ ਦੀ ਸਿੱਧੀ ਵਿਗਿਆਨਕ ਖੋਜ, ਮੌਲਿਕ ਖੋਜਾਂ ਅਤੇ ਨਵੀਨਤਾ ਦੀ ਮਜ਼ਬੂਤ ਨੀਂਹ 'ਤੇ ਟਿਕੀ ਹੋਈ ਹੈ। ਭਾਰਤ ਨੂੰ ਨਾ ਸਿਰਫ਼ ਨਵੀਆਂ ਖੋਜਾਂ ਨੂੰ ਅਪਣਾਉਣਾ ਹੋਵੇਗਾ, ਸਗੋਂ ਭਵਿੱਖ ਦੀਆਂ ਤਕਨਾਲੋਜੀਆਂ ਨੂੰ ਦਿਸ਼ਾ ਦੇ ਕੇ ਵਿਸ਼ਵ ਦੀ ਅਗਵਾਈ ਵੀ ਕਰਨੀ ਹੋਵੇਗੀ। ਇਸ ਦੇ ਨਾਲ ਹੀ, ਆਰਟੀਫ਼ੀਸ਼ੀਅਲ ਇੰਟੈਲੀਜੈਂਸ ਵਰਗੀਆਂ ਤੇਜ਼ੀ ਨਾਲ ਵਿਕਸਿਤ ਹੋ ਰਹੀਆਂ ਤਕਨਾਲੋਜੀਆਂ ਦੇ ਦੌਰ ਵਿੱਚ ਨਵੀਨਤਾ ਦੀ ਗਤੀ ਦੇ ਨਾਲ-ਨਾਲ ਭਰੋਸੇਯੋਗਤਾ, ਸਟੀਕਤਾ ਅਤੇ ਤੱਥਾਂ ਦੀ ਪ੍ਰਮਾਣਿਕਤਾ ਬਣਾਈ ਰੱਖਣਾ ਵੀ ਲਾਜ਼ਮੀ ਹੈ। ਇਸੇ ਉਦੇਸ਼ ਨੂੰ ਅੱਗੇ ਵਧਾਉਣ ਵਾਲੇ 'ਉਭਰਦੇ ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ ਸੰਮੇਲਨ 2026' (Emerging Science, Technology and Innovation Conclave 2026) ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 27 ਅਕਤੂਬਰ ਨੂੰ ਉਦਘਾਟਨ ਕੀਤਾ।

ਭਾਰਤ ਦੇ ਨੌਜਵਾਨ ਜਿਸ ਪੱਧਰ ਅਤੇ ਆਤਮ-ਵਿਸ਼ਵਾਸ ਦੇ ਨਾਲ ਅੱਗੇ ਵਧ ਰਹੇ ਹਨ, ਉਹ ਬਹੁਤ ਉਤਸ਼ਾਹਜਨਕ ਹੈ। ਪਹਿਲਾਂ ਭਾਰਤ ਵਿਦੇਸ਼ੀ ਇਨੋਵੇਸ਼ਨ ਨੂੰ ਕਈ ਵਰ੍ਹਿਆਂ ਬਾਅਦ ਅਪਣਾ ਕੇ ਜਾਂ ਉਨ੍ਹਾਂ ਵਿੱਚ ਬਦਲਾਅ ਕਰਕੇ ਉਨ੍ਹਾਂ ਦੇ ਪਿੱਛੇ-ਪਿੱਛੇ ਚੱਲਦਾ ਸੀ। ਅੱਜ ਦਾ ਭਾਰਤ ਮੌਲਿਕ ਤਕਨੀਕ ਵਿਕਸਿਤ ਕਰਕੇ ਦੁਨੀਆ ਭਰ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਵੀਂ ਤਕਨਾਲੋਜੀ ਦੇ ਵਿਕਾਸ ਦੇ ਟੀਚੇ ਨੂੰ ਲੈ ਕੇ ਅੱਗੇ ਵੱਧ ਰਿਹਾ ਹੈ। ਭਾਰਤੀ ਵਿਗਿਆਨੀਆਂ ਨੇ ਆਪਣੀ ਪਹਿਲੀ ਹੀ ਕੋਸ਼ਿਸ਼ ਵਿੱਚ ਮੰਗਲ ਗ੍ਰਹਿ ਤੱਕ ਪਹੁੰਚਣ ਤੋਂ ਲੈ ਕੇ ਚੰਦਰਮਾ ਦੇ ਅਣਛੋਹੇ ਦੱਖਣੀ ਧਰੁਵ 'ਤੇ ਸਫ਼ਲਤਾਪੂਰਵਕ ਲੈਂਡਿੰਗ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਨੂੰ ਭਵਿੱਖ ਦੀਆਂ ਤਕਨਾਲੋਜੀਆਂ ਨੂੰ ਅਪਣਾਉਣਾ ਚਾਹੀਦਾ ਹੈ, ਹਿੰਮਤ ਨਾਲ ਨਵੀਨਤਾ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਤਕਨਾਲੋਜੀਆਂ ਨੂੰ ਬਣਾਉਣ ਵਿੱਚ ਵਿਸ਼ਵ ਦੀ ਅਗਵਾਈ ਕਰਨੀ ਚਾਹੀਦੀ ਹੈ।


ਜ਼ੀਰੋ ਅਤੇ ਅੰਕ ਪ੍ਰਣਾਲੀ ਦੀ ਖੋਜ ਤੋਂ ਲੈ ਕੇ ਖਗੋਲ ਵਿਗਿਆਨ ਤੱਕ, ਭਾਰਤ ਦੀਆਂ ਖੋਜਾਂ ਦੀ ਸਮ੍ਰਿੱਧ ਵਿਰਾਸਤ ਹੈ। ਦੇਸ਼ ਆਧੁਨਿਕ ਤਕਨਾਲੋਜੀ ਅਤੇ ਨਵੇਂ ਆਤਮ-ਵਿਸ਼ਵਾਸ ਦੇ ਨਾਲ ਇਸ ਵਿਗਿਆਨਕ ਵਿਰਾਸਤ ਨੂੰ ਅੱਗੇ ਵਧਾ ਰਿਹਾ ਹੈ। ਪਿਛਲੇ ਇੱਕ ਵਰ੍ਹੇ ਵਿੱਚ ਹਾਸਲ ਕੀਤੀਆਂ ਗਈਆਂ ਕਈ ਉਪਲਬਧੀਆਂ ਇਸ ਦਾ ਪ੍ਰਮਾਣ ਹਨ।

ਲੈਬ ਤਕਨਾਲੋਜੀ

12,000 ਕਰੋੜ ਰੁਪਏ ਲੈਬ ਤਕਨਾਲੋਜੀਆਂ 'ਤੇ ਸਰਕਾਰ ਨੇ ਖਰਚ ਕੀਤੇ। ਉੱਥੇ ਹੀ ਨਿਜੀ ਨਿਵੇਸ਼ਕਾਂ ਦੁਆਰਾ ਵੀ ਪਿਛਲੇ ਇੱਕ ਵਰ੍ਹੇ ਵਿੱਚ 12 ਹਜ਼ਾਰ ਕਰੋੜ ਰੁਪਏ ਖਰਚ ਕੀਤੇ ਗਏ। ਇੱਕ ਵਰ੍ਹੇ ਵਿੱਚ ਹੀ ਖੋਜ ਅਤੇ ਵਿਕਾਸ (R&D) ਦੇ ਲਈ ਕੁੱਲ 24 ਹਜ਼ਾਰ ਕਰੋੜ ਰੁਪਏ ਖਰਚ ਕੀਤੇ ਗਏ ਹਨ।

ਇੱਕ ਵਰ੍ਹੇ ਦੀ ਸਫ਼ਲਤਾ...

- **1.5** ਲੱਖ ਤੋਂ ਵੱਧ ਹੋਈ ਸਲਾਨਾ ਪੇਟੈਂਟਾਂ ਦੀ ਗਿਣਤੀ, ਜੋ 10 ਵਰ੍ਹੇ ਪਹਿਲਾਂ 50,000 ਤੋਂ ਵੀ ਘੱਟ ਸੀ।
- ਸਵਦੇਸ਼ੀ **500**-ਮੈਗਾਵਾਟ ਪ੍ਰੋਟੋਟਾਈਪ ਫਾਸਟ ਬ੍ਰੀਡਰ ਰਿਐਕਟਰ ਨੇ ਸਫ਼ਲਤਾਪੂਰਵਕ 'ਫਸਟ ਕ੍ਰਿਟੀਕੈਲਿਟੀ' (ਪਹਿਲੀ ਵਾਰ ਪ੍ਰਮਾਣੂ ਲੜੀਵਾਰ ਪ੍ਰਤੀਕਿਰਿਆ ਸ਼ੁਰੂ ਕਰਨ ਦੀ ਸਥਿਤੀ) ਹਾਸਲ ਕਰ ਲਈ ਹੈ।
- ਭਾਰਤੀ ਸਪੇਸ ਸਟਾਰਟਅੱਪ ਨੇ 'ਮੇਡ-ਇਨ-ਇੰਡੀਆ' ਰੌਕੇਟ ਦਾ ਇਸਤੇਮਾਲ ਕਰਕੇ ਆਪਣੇ ਪਹਿਲੇ ਹੀ ਯਤਨ ਵਿੱਚ ਉਪਗ੍ਰਹਿ ਨੂੰ ਔਰਬਿਟ ਵਿੱਚ ਸਥਾਪਿਤ ਕੀਤਾ। ਦੇਸ਼ ਨੇ 'ਸੈਟੇਲਾਈਟ ਡੌਕਿੰਗ' (ਪੁਲਾੜ ਵਿੱਚ ਦੋ ਉਪਗ੍ਰਹਿਆਂ ਨੂੰ ਆਪਸ ਵਿੱਚ ਜੋੜਨ) ਦੀ ਸਮਰੱਥਾ ਹਾਸਲ ਕੀਤੀ ਹੈ।
- ਦੇਸ਼ ਨੇ 'ਏਆਈ ਇੰਪੈਕਟ ਸਮਿਟ' ਦੀ ਮੇਜ਼ਬਾਨੀ ਕੀਤੀ, ਆਪਣਾ ਏਆਈ ਮਾਡਲ ਲਾਂਚ ਕੀਤਾ। ਭਾਰਤ ਵਿੱਚ ਬਣੀ ਸੈਮੀਕੰਡਕਟਰ ਚਿੱਪ ਦਾ ਦੁਨੀਆ ਭਰ ਵਿੱਚ ਨਿਰਯਾਤ ਸ਼ੁਰੂ ਕੀਤਾ ਗਿਆ।



ਭਵਿੱਖ ਨੂੰ ਆਕਾਰ ਦੇਣ ਵਾਲੇ ਖੇਤਰ

- ਸੈਮੀਕੰਡਕਟਰ, ਕੁਆਂਟਮ ਤਕਨਾਲੋਜੀ, ਬਾਇਓ ਟੈਕਨੋਲੋਜੀ, ਐਡਵਾਂਸਡ ਮਟੀਰੀਅਲ, ਰੋਬੋਟਿਕਸ, ਸਪੇਸ, ਸਵੱਛ ਊਰਜਾ, ਏਆਈ, ਸਿੰਥੈਟਿਕ ਬਾਇਓਲੌਜੀ ਅਤੇ ਆਟੋਨੋਮਸ ਸਿਸਟਮ।

ਪ੍ਰਧਾਨ ਮੰਤਰੀ ਮੋਦੀ ਨੇ ਸੰਮੇਲਨ ਵਿੱਚ ਮੌਜੂਦ ਹਰੇਕ ਖੋਜਕਰਤਾ, ਉਦਯੋਗ ਜਗਤ ਦੇ ਨੇਤਾ, ਸਟਾਰਟ-ਅੱਪ ਸੰਸਥਾਪਕ ਅਤੇ ਵਿਦਿਆਰਥੀ ਨੂੰ ਤਿੰਨ ਵਰ੍ਹੇ ਦਾ ਠੋਸ ਟੀਚਾ ਤੈਅ ਕਰਨ ਲਈ ਕਿਹਾ।



ਏਆਈ ਸਾਨੂੰ ਜਲਦੀ ਜਵਾਬ ਦੇ ਸਕਦਾ ਹੈ, ਪਰ ਉਸ ਜਵਾਬ ਦੀ ਸੱਚਾਈ ਨੂੰ ਪਰਖਣ ਦੀ ਜ਼ਿੰਮੇਵਾਰੀ ਵਿਗਿਆਨੀਆਂ ਦੀ ਹੋਣੀ ਚਾਹੀਦੀ ਹੈ।"

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਵਿਗਿਆਨ ਦੀ ਅਸਲੀ ਸਫ਼ਲਤਾ ਪ੍ਰਯੋਗਸ਼ਾਲਾ ਤੋਂ ਬਾਹਰ ਨਿਕਲ ਕੇ ਆਮ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ, ਵੱਡੀਆਂ ਸਮੱਸਿਆਵਾਂ ਨੂੰ ਸੁਲਝਾਉਣ ਅਤੇ ਸਿਹਤ ਸੰਭਾਲ, ਖੇਤੀਬਾੜੀ, ਸਿੱਖਿਆ, ਰੁਜ਼ਗਾਰ ਅਤੇ ਆਫ਼ਤਾਂ ਨਾਲ ਨਜਿੱਠਣ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਵਿੱਚ ਹੈ। ਭਾਰਤੀ ਸਟਾਰਟਅੱਪ ਇਨ੍ਹਾਂ ਖੇਤਰਾਂ ਨੂੰ ਤਰਜੀਹ ਦੇ ਰਹੇ ਹਨ। ਉਨ੍ਹਾਂ ਨੇ ਅਜਿਹੇ ਸਟਾਰਟਅੱਪਸ ਅਤੇ ਘਰੇਲੂ ਕੰਪਨੀਆਂ ਦੀ ਉਦਾਹਰਣ ਦਿੱਤੀ ਜੋ ਕਈ ਖੇਤਰਾਂ ਵਿੱਚ ਕੰਮ ਕਰ ਰਹੀਆਂ ਹਨ, ਜਿਵੇਂ— ਦਿਮਾਗ ਦੀਆਂ ਗਤੀਵਿਧੀਆਂ ਨੂੰ ਸਮਝਣ ਦੇ ਲਈ ਪਹਿਨਣਯੋਗ (wearable) EEG ਤਕਨਾਲੋਜੀ, ਸਵਦੇਸ਼ੀ ਵਾਇਰਲੈੱਸ ਅਤੇ ਸੈਟੇਲਾਈਟ ਸੰਚਾਰ, ਵਿਸ਼ੇਸ਼ ਪੋਸ਼ਣ ਉਤਪਾਦ, ਨਵੀਂ ਸੈਮੀਕੰਡਕਟਰ ਤਕਨਾਲੋਜੀ ਅਤੇ ਸਟੀਲ ਸਲੈਗ ਵਰਗੇ ਉਦਯੋਗਿਕ ਕੂੜੇ ਦਾ ਇਸਤੇਮਾਲ ਕਰਨ ਵਾਲੇ ਸਮਾਧਾਨ ਦਾ ਸਾਹਮਣੇ ਆਉਣਾ। ■



ਯਮੁਨਾ ਮੁੜ-ਸੁਰਜੀਤੀ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਸਮਾਰੋਹ

2029 ਤੱਕ ਨਿਰਮਲ ਬਣੇਗੀ ਯਮੁਨਾ

ਦਿੱਲੀ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀਆਂ ਰਾਜ ਸਰਕਾਰਾਂ ਦੇ ਨਾਲ ਮਿਲ ਕੇ ਕੇਂਦਰ ਸਰਕਾਰ ਨੇ ਇੱਕ ਅਜਿਹਾ ਰੋਡਮੈਪ ਤਿਆਰ ਕੀਤਾ ਹੈ, ਜਿਸ ਦੇ ਮਾਧਿਅਮ ਨਾਲ 2029 ਤੱਕ ਯਮੁਨਾ ਨੂੰ ਨਿਰਮਲ ਬਣਾ ਦਿੱਤਾ ਜਾਵੇਗਾ। ਇਸੇ ਕੜੀ ਵਿੱਚ 22 ਅਕਤੂਬਰ ਨੂੰ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਦਿੱਲੀ ਵਿੱਚ ਯਮੁਨਾ ਮੁੜ-ਸੁਰਜੀਤੀ ਨਾਲ ਜੁੜੇ 8,941 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ ...

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਅਜਿਹੀ ਦਿੱਲੀ ਬਣਾਉਣਾ ਚਾਹੁੰਦੀ ਹੈ, ਜਿੱਥੇ ਘਰ ਸੁੰਦਰ ਹੋਵੇ, ਪਾਣੀ ਸ਼ੁੱਧ ਹੋਵੇ, ਗਲੀਆਂ ਸਾਫ ਹੋਣ, ਕੂੜੇ ਦੇ ਪਹਾੜ ਨਾ ਦਿਸਣ ਅਤੇ ਯਮੁਨਾ ਨਿਰਮਲ ਹੋ ਕੇ ਦਿੱਲੀ ਤੋਂ ਸੰਗਮ ਤੱਕ ਜਨਤਾ ਨੂੰ ਆਪਣਾ ਅਸ਼ੀਰਵਾਦ ਦੇ ਸਕੇ। ਇਹੋ ਕਾਰਨ ਹੈ ਕਿ ਯਮੁਨਾ ਮੁੜ-ਸੁਰਜੀਤੀ ਪ੍ਰੋਜੈਕਟਾਂ ਦੇ ਉਦਘਾਟਨ ਅਤੇ ਨੀਂਹ ਪੱਥਰ ਸਮਾਰੋਹ ਵਿੱਚ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਕੰਮ ਨੂੰ ਇੱਕ ਅਡੋਲ ਸੰਕਲਪ ਦੇ ਰੂਪ ਵਿੱਚ ਲਿਆ ਹੈ। ਅੱਜ ਇਸ ਸੰਕਲਪ ਦੇ ਇੱਕ ਵੱਡੇ ਹਿੱਸੇ ਦੀ ਪੂਰਤੀ ਹੋ ਰਹੀ ਹੈ।

ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਅੱਜ ਇੱਥੇ 10 ਪ੍ਰੋਜੈਕਟਾਂ ਦਾ ਉਦਘਾਟਨ ਹੋਇਆ ਅਤੇ 33 ਪ੍ਰੋਜੈਕਟਾਂ...ਦੀ ਸ਼ੁਰੂਆਤ



ਸਜਦੀ-ਸੰਵਰਦੀ ਦਿੱਲੀ

- ਪ੍ਰਧਾਨ ਮੰਤਰੀ ਮੋਦੀ ਨੇ ਦਿੱਲੀ ਸਰਕਾਰ ਦੇ ਸਾਹਮਣੇ ਯਮੁਨਾ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਦੀ ਕਾਰਜ-ਯੋਜਨਾ ਰੱਖੀ। ਇਸ ਯੋਜਨਾ ਦਾ 40% ਕੰਮ ਪੂਰਾ ਹੋ ਚੁੱਕਿਆ ਹੈ।
- ਪਿਛਲੇ ਲਗਭਗ 30 ਵਰ੍ਹਿਆਂ ਤੋਂ ਦਿੱਲੀ ਦੇ ਨਾਲਿਆਂ ਦੇ ਪਾਣੀ ਨੂੰ ਯਮੁਨਾ ਵਿੱਚ ਛੱਡਿਆ ਜਾ ਰਿਹਾ ਸੀ ਅਤੇ ਹਰ ਰੋਜ਼ ਡੇਅਰੀਆਂ ਦਾ 2,000 ਟਨ ਗੋਬਰ ਯਮੁਨਾ ਵਿੱਚ ਪਾਇਆ ਜਾਂਦਾ ਸੀ।
- ਕੂੜੇ ਦੇ ਪਹਾੜਾਂ ਦੇ ਨਾਂ 'ਤੇ ਰਾਜਨੀਤੀ ਹੁੰਦੀ ਰਹੀ। ਵਰਤਮਾਨ ਵਿੱਚ ਦਿੱਲੀ ਸਰਕਾਰ ਨੇ ਕੂੜੇ ਦੇ ਪਹਾੜਾਂ ਨੂੰ ਹੇਠਾਂ ਲਿਆਉਣ ਦਾ ਕੰਮ ਕੀਤਾ, 2 ਵਰ੍ਹੇ ਬਾਅਦ ਇਨ੍ਹਾਂ ਕੂੜੇ ਦੇ ਪਹਾੜਾਂ ਦੀ ਜਗ੍ਹਾ ਬਗੀਚਾ ਬਣ ਜਾਵੇਗਾ।
- ਦਿੱਲੀ ਸਰਕਾਰ ਨੇ ਕੇਂਦਰ ਸਰਕਾਰ ਦੀ ਸਹਾਇਤਾ ਨਾਲ 2.17 ਕਰੋੜ ਮੀਟ੍ਰਿਕ ਟਨ ਕੂੜਾ ਸਾਫ਼ ਕਰਕੇ 100 ਏਕੜ ਜ਼ਮੀਨ ਨੂੰ ਕਚਰਾ ਮੁਕਤ ਕਰਵਾਇਆ ਹੈ।
- ਓਖਲਾ ਅਤੇ ਭਲਸਵਾ ਵਿੱਚ ਕੂੜੇ ਦਾ ਪਹਾੜ 30 ਤੋਂ 40 ਮੀਟਰ ਹੇਠਾਂ ਆਇਆ ਹੈ। ਗਾਜ਼ੀਪੁਰ ਵਿੱਚ ਕੂੜੇ ਦਾ ਪਹਾੜ 10 ਤੋਂ 15 ਮੀਟਰ ਹੇਠਾਂ ਆਇਆ ਹੈ।

"ਅਸੀਂ ਤਿੰਨ ਵਰ੍ਹਿਆਂ ਦਾ ਇੱਕ ਐਕਸ਼ਨ ਪਲਾਨ ਬਣਾਇਆ ਹੈ, ਜਿਸ ਵਿੱਚ ਦਿੱਲੀ ਦੇ ਹਰੇਕ ਘਰ ਨੂੰ ਸੀਵਰ ਕਨੈਕਸ਼ਨ ਦਿਆਂਗੇ, ਇਸ ਨਾਲ ਗੰਦੇ ਪਾਣੀ ਦੀ ਨਿਕਾਸੀ ਹੋਵੇਗੀ। ਨਾਲ ਹੀ, ਹਰ ਘਰ ਵਿੱਚ ਸ਼ੁੱਧ ਪੀਣ ਦਾ ਪਾਣੀ ਪਹੁੰਚਾਉਣ ਦਾ ਕੰਮ ਵੀ ਕਰਾਂਗੇ।"

– ਅਮਿਤ ਸ਼ਾਹ, ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ



ਹੋਈ ਹੈ। ਉਨ੍ਹਾਂ ਨੇ ਕਿਹਾ ਕਿ 8,941 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਸ਼ੁਰੂ ਹੋਏ ਪ੍ਰੋਜੈਕਟਾਂ ਦੇ ਮਾਧਿਅਮ ਨਾਲ ਕਈ ਲੱਖ ਲੀਟਰ ਪਾਣੀ ਸ਼ੁੱਧ ਹੋ ਕੇ ਯਮੁਨਾ ਵਿੱਚ ਜਾਵੇਗਾ। ਦਿੱਲੀ ਦੇ ਕਈ ਇਲਾਕਿਆਂ ਨਾਲ ਜੁੜੇ ਪ੍ਰੋਜੈਕਟਾਂ ਦਾ ਇੱਥੇ ਉਦਘਾਟਨ ਹੋਇਆ ਅਤੇ ਐੱਸ ਟੀ ਪੀ (STP) ਦੇ ਅੱਪਗ੍ਰੇਡੇਸ਼ਨ ਅਤੇ ਨਵੇਂ ਐੱਸ ਟੀਪੀ ਲਗਾਉਣ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਹੈ। ਵਿਕੇਂਦਰੀਕ੍ਰਿਤ ਐੱਸ ਟੀ ਪੀ ਪੰਪਿੰਗ ਸਟੇਸ਼ਨ ਵੀ ਬਣੇ ਹਨ ਅਤੇ ਸੀਵਰ ਲਾਈਨਾਂ ਨੂੰ ਘਰਾਂ ਨਾਲ ਜੋੜਨ ਦਾ ਕੰਮ ਵੀ ਸ਼ੁਰੂ ਹੋਇਆ ਹੈ। ਗ੍ਰਹਿ ਮੰਤਰੀ ਨੇ ਵਿਸ਼ਵਾਸ ਪ੍ਰਗਟਾਇਆ ਕਿ ਮਈ, 2029 ਤੋਂ ਪਹਿਲਾਂ ਯਮੁਨਾ ਜੀ ਨੂੰ ਸ਼ੁੱਧ ਕਰ ਦਿਆਂਗੇ।

ਯਮੁਨਾ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਦੇ ਸੰਕਲਪ ਨੂੰ ਨਵੀਂ ਗਤੀ

ਦਿੱਲੀ ਸਰਕਾਰ ਦੇ ਵਾਟਰ ਟ੍ਰੀਟਮੈਂਟ ਪਲਾਂਟ, ਰੀਸਾਈਕਲਿੰਗ ਪਲਾਂਟ, ਸੀਵਰੇਜ ਟ੍ਰੀਟਮੈਂਟ ਪਲਾਂਟ, ਸੀਵਰੇਜ ਪੰਪਿੰਗ ਸਟੇਸ਼ਨ ਅਤੇ ਹਾਊਸ ਹੋਲਡ ਸੀਵਰ ਕਨੈਕਸ਼ਨ ਦੇ ਇਨ੍ਹਾਂ ਪ੍ਰੋਜੈਕਟਾਂ ਨਾਲ ਹਰ ਰੋਜ਼ ਲੱਖਾਂ ਲੀਟਰ ਗੰਦਾ ਪਾਣੀ ਸਾਫ ਹੋ ਕੇ ਯਮੁਨਾ ਵਿੱਚ ਪਹੁੰਚੇਗਾ। ਇਹ ਯਮੁਨਾ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਦੇ ਸੰਕਲਪ ਨੂੰ ਨਵੀਂ ਗਤੀ ਦੇਵੇਗਾ। ■

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



ਅੰਤਰਰਾਸ਼ਟਰੀ ਸੌਰ ਗਠਬੰਧਨ ਦੇ 11 ਵਰ੍ਹੇ

ਸੌਰ ਊਰਜਾ ਦੇ ਆਲਮੀ ਵਿਸਤਾਰ ਦੀ ਕਿਰਣ

ਸੌਰ ਊਰਜਾ ਅਸਲ ਵਿੱਚ ਵਰਤਮਾਨ ਸਮੇਂ ਦੀ ਸਭ ਤੋਂ ਕੀਮਤੀ ਜਨਤਕ ਅਸਾਸਿਆਂ ਵਿੱਚੋਂ ਇੱਕ ਬਣ ਕੇ ਉਭਰੀ ਹੈ। ਸੌਰ ਊਰਜਾ ਦੀ ਇਹ ਤਬਦੀਲੀ ਊਰਜਾ ਤੋਂ ਕਿਤੇ ਵੱਧ ਹੈ। ਇਹੀ ਵਜ੍ਹਾ ਹੈ ਕਿ ਸੌਰ ਊਰਜਾ ਨੂੰ ਹੁਲਾਰਾ ਦੇਣ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਦੇ ਉਦੇਸ਼ ਨਾਲ 30 ਨਵੰਬਰ, 2015 ਨੂੰ ਅੰਤਰਰਾਸ਼ਟਰੀ ਸੌਰ ਗਠਬੰਧਨ ਦੀ ਭਾਰਤ-ਫਰਾਂਸ ਨੇ ਸੰਯੁਕਤ ਤੌਰ 'ਤੇ ਸ਼ੁਰੂਆਤ ਕੀਤੀ। ਇਹ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਇੱਕ ਸਵੱਛ, ਹਰਿਤ ਅਤੇ ਵੱਧ ਟਿਕਾਊ ਭਵਿੱਖ ਦੇ ਨਿਰਮਾਣ ਵਿੱਚ ਦੇ ਰਿਹਾ ਹੈ ਯੋਗਦਾਨ....

> *"ਅੰਤਰਰਾਸ਼ਟਰੀ ਸੌਰ ਗਠਬੰਧਨ ਨਾ ਸਿਰਫ਼ ਭਾਰਤ ਵਿੱਚ ਸਗੋਂ ਦੁਨੀਆ ਭਰ ਵਿੱਚ ਸਵੱਛ ਊਰਜਾ ਕ੍ਰਾਂਤੀ ਨੂੰ ਅੱਗੇ ਵਧਾ ਰਿਹਾ ਹੈ। ਭਵਿੱਖ ਵਿੱਚ, ਜਦੋਂ ਲੋਕ 21ਵੀਂ ਸਦੀ ਵਿੱਚ ਮਨੁੱਖਤਾ ਦੀ ਭਲਾਈ ਦੇ ਲਈ ਬਣੇ ਔਰਗੇਨਾਈਜੇਸ਼ਨ ਦੀ ਗੱਲ ਕਰਨਗੇ ਤਾਂ ਅੰਤਰਰਾਸ਼ਟਰੀ ਸੌਰ ਗਠਬੰਧਨ ਸੂਚੀ ਵਿੱਚ ਸਭ ਤੋਂ ਉੱਪਰ ਹੋਵੇਗਾ।"*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਭਾਰਤ ਅਤੇ ਫਰਾਂਸ ਨੇ ਆਲਮੀ ਵਿਕਾਸ ਦੇ ਕੇਂਦਰ ਵਿੱਚ ਸੂਰਜ ਦੀ ਸ਼ਕਤੀ ਨੂੰ ਸਥਾਪਿਤ ਕਰਨ ਦੇ ਸਾਹਸਿਕ ਵਿਜ਼ਨ ਦੇ ਨਾਲ ਅੰਤਰਰਾਸ਼ਟਰੀ ਸੌਰ ਗਠਬੰਧਨ ਦੇ ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ (ਸੀਓਪੀ-21) ਦੌਰਾਨ ਸ਼ੁਰੂਆਤ ਕੀਤੀ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਨੇ ਇਸ ਵਿਚਾਰ ਨੂੰ ਇੱਕ ਆਲਮੀ ਅੰਦੋਲਨ ਵਿੱਚ ਤਬਦੀਲ ਕਰਨ ਵਿੱਚ ਮਦਦ ਕੀਤੀ। ਪਿਛਲੇ 11 ਵਰ੍ਹਿਆਂ ਵਿੱਚ, ਅੰਤਰਰਾਸ਼ਟਰੀ ਸੌਰ ਗਠਬੰਧਨ ਨੇ ਸੌਰ ਊਰਜਾ ਦੀਆਂ ਸੰਭਾਵਨਾਵਾਂ ਨੂੰ ਦੁਨੀਆ ਭਰ ਵਿੱਚ ਅਸਲ, ਜੀਵਨ-ਪਰਿਵਰਤਨਕਾਰੀ ਪ੍ਰਭਾਅ ਵਿੱਚ ਬਦਲਣ ਵਿੱਚ ਮਦਦ ਕੀਤੀ ਹੈ। ਜਿੱਥੇ ਸਭ ਤੋਂ ਵੱਧ ਜ਼ਰੂਰਤ ਹੈ, ਉੱਥੇ ਸੌਰ ਊਰਜਾ ਦੇ ਉਪਯੋਗ ਨੂੰ ਹੁਲਾਰਾ ਦੇ ਕੇ ਆਲਮੀ ਊਰਜਾ ਤਬਦੀਲੀ ਨੂੰ ਉਭਰਦੀ ਅਤੇ ਵਿਕਾਸਸ਼ੀਲ ਅਰਥਵਿਵਸਥਾਵਾਂ ਦੇ ਵੱਲ ਮੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਸੰਗਠਨ ਦੀ ਸ਼ੁਰੂਆਤ ਸੌਰ ਊਰਜਾ ਨੂੰ ਹੁਲਾਰਾ ਦੇਣ, ਸੌਰ ਊਰਜਾ ਨਾਲ ਸਮ੍ਰਿੱਧ ਦੇਸ਼ਾਂ ਦੇ ਨਾਲ ਬਿਹਤਰ ਤਾਲਮੇਲ ਦੇ ਜ਼ਰੀਏ ਸੌਰ ਊਰਜਾ ਦੀ ਮੰਗ ਨੂੰ ਪੂਰਾ ਕਰਨ, ਸੌਰ ਊਰਜਾ ਨੂੰ ਸਸਤਾ ਕਰਨ, ਭਰੋਸੇਮੰਦ ਅਤੇ ਵਿਆਪਕ ਤੌਰ 'ਤੇ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਕੀਤੀ ਗਈ ਸੀ। ਅੱਜ, 130 ਮੈਂਬਰ ਅਤੇ ਹਸਤਾਖਰਕਰਤਾ ਦੇਸ਼ਾਂ ਦੇ ਨਾਲ, ਅੰਤਰਰਾਸ਼ਟਰੀ ਸੌਰ ਗਠਬੰਧਨ ਸੌਰ ਊਰਜਾ ਦੇ ਵਿਸਤਾਰ ਦੇ ਲਈ ਸਮਰਪਿਤ ਸਭ ਤੋਂ ਮਹੱਤਵਪੂਰਨ ਆਲਮੀ ਸਾਂਝੇਦਾਰੀਆਂ ਵਿੱਚੋਂ ਇੱਕ ਹੈ। ਸੰਯੁਕਤ ਰਾਸ਼ਟਰ ਸੰਘ ਨੇ ਅੰਤਰਰਾਸ਼ਟਰੀ ਸੌਰ ਗਠਬੰਧਨ ਨੂੰ ਨਿਰੀਖਕ ਦਾ ਦਰਜਾ ਦਿੱਤਾ ਹੈ। ਇਸ ਨਾਲ 'ਇੱਕ ਸੂਰਜ,

ਆਈਐੱਸਏ ਦੇ 4 ਰਣਨੀਤਿਕ ਥੰਮ੍ਹ


- **ਕੈਟੇਲਿਟਿਕ ਫਾਈਨੈਂਸ ਹੱਬ: ਵਿਆਪਕ ਪੱਧਰ 'ਤੇ ਨਿਵੇਸ਼ ਜੁਟਾਉਣ ਅਤੇ ਹੁਲਾਰਾ ਦੇਣ ਦੇ ਲਈ।**
- **ਆਲਮੀ ਸਮਰੱਥਾ ਕੇਂਦਰ ਅਤੇ ਡਿਜੀਟਲੀਕਰਨ ਨਵੀਨਤਾ, ਡਿਜੀਟਲ ਪਲੈਟਫਾਰਮ ਅਤੇ ਸਮਰੱਥਾ ਨਿਰਮਾਣ ਨੂੰ ਹੁਲਾਰਾ ਦੇਣ ਦੇ ਲਈ।**
- **ਖੇਤਰੀ ਅਤੇ ਦੇਸ਼-ਪੱਧਰੀ ਸਹਿਭਾਗਤਾ ਅਨੁਕੂਲਿਤ ਉਪਾਵਾਂ ਨੂੰ ਸੰਚਾਲਤ ਕਰਨ ਦੇ ਲਈ।**
- **ਤਕਨਾਲੋਜੀ ਰੋਡਮੈਪ ਅਤੇ ਨੀਤੀ: ਉੱਭਰਦੀ ਸੌਰ ਤਕਨੋਲੋਜੀਆਂ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਦੇ ਲਈ।**

ਇੱਕ ਸੰਧੀ-ਅਧਾਰਿਤ ਅੰਤਰ-ਸਰਕਾਰੀ ਮੰਚ ਦੇ ਰੂਪ ਵਿੱਚ, ਆਈਐੱਸਏ ਆਪਣੇ ਮੈਂਬਰ ਦੇਸ਼ਾਂ ਨੂੰ ਸੌਰ ਊਰਜਾ ਦੇ ਵਿਆਪਕ ਪੱਧਰ 'ਤੇ ਅਪਣਾਉਣ ਵਿੱਚ ਸਹਾਇਤਾ ਕਰਨ ਦੇ ਲਈ ਤਕਨੀਕੀ ਮਾਰਗਦਰਸ਼ਨ, ਨੀਤੀਗਤ ਅਗਵਾਈ ਅਤੇ ਆਲਮੀ ਤਾਲਮੇਲ ਪ੍ਰਦਾਨ ਕਰਦਾ ਹੈ।

ਸਵੱਛ ਊਰਜਾ ਉਤਪਾਦਨ ਵਿੱਚ ਸੌਰ ਊਰਜਾ ਪ੍ਰਮੁੱਖ ਵਿਕਾਸ ਇੰਜਣ ਬਣੀ ਹੋਈ ਹੈ। 2014 ਵਿੱਚ ਸਿਰਫ਼ 2.8 ਗੀਗਾਵਾਟ ਤੋਂ ਵਧ ਕੇ ਵਰਤਮਾਨ ਵਿੱਚ ਲਗਭਗ 165 ਗੀਗਾਵਾਟ ਹੋ ਗਈ ਹੈ। ਪੌਣ ਊਰਜਾ ਸਮਰੱਥਾ ਵੀ 2014 ਵਿੱਚ 21 ਗੀਗਾਵਾਟ ਤੋਂ ਵਧ ਕੇ 58 ਗੀਗਾਵਾਟ ਤੋਂ ਵੱਧ ਹੋ ਗਈ ਹੈ।

ਸੂਰਜ, ਪਾਣੀ, ਹਵਾ, ਪ੍ਰਮਾਣੂ ਤੋਂ ਬਿਜਲੀ

ਭਾਰਤ ਨੌਨ-ਬਾਇਓ ਫਿਊਲ ਭਾਵ ਸੂਰਜ, ਪਾਣੀ, ਹਵਾ ਅਤੇ ਪ੍ਰਮਾਣੂ ਊਰਜਾ ਨਾਲ ਬਿਜਲੀ ਬਣਾਉਣ ਦੀ ਸਮਰੱਥਾ ਲਗਾਤਾਰ ਵਧਾ ਰਿਹਾ ਹੈ। 31 ਜੁਲਾਈ, 2026 ਤੱਕ ਇਹ ਉਤਪਾਦਨ ਸਮਰੱਥਾ 300 ਗੀਗਾਵਾਟ ਦੇ ਅੰਕੜੇ ਨੂੰ ਪਾਰ ਕਰ ਗਈ ਹੈ। ਭਾਰਤ ਨੇ 2030 ਤੱਕ 500 ਗੀਗਾਵਾਟ ਸਮਰੱਥਾ ਦਾ ਟੀਚਾ ਰੱਖਿਆ ਹੈ, ਇਹ ਉਸ ਦਾ 60 ਪ੍ਰਤੀਸ਼ਤ ਤੋਂ ਵੱਧ ਹੈ। ਇੰਨਾ ਹੀ ਨਹੀਂ ਦੇਸ਼ ਵਿੱਚ ਕੁੱਲ ਬਿਜਲੀ ਉਤਪਾਦਨ ਸਮਰੱਥਾ 552 ਗੀਗਾਵਾਟ ਵਿੱਚ ਨੌਨ ਬਾਇਓ ਫਿਊਲ ਨਾਲ ਪੈਦਾ **ਬਿਜਲੀ ਦਾ ਹਿੱਸਾ 54 ਫੀਸਦੀ ਤੋਂ ਵੱਧ ਹੋ ਗਿਆ ਹੈ।**



ਇੱਕ ਵਿਸ਼ਵ, ਇੱਕ ਗ੍ਰਿੱਡ' ਨੂੰ ਪ੍ਰੋਤਸਾਹਨ ਮਿਲ ਰਿਹਾ ਹੈ।

ਅੰਤਰਰਾਸ਼ਟਰੀ ਸੌਰ ਗਠਬੰਧਨ, ਵਿਕੇਂਦ੍ਰੀਕ੍ਰਿਤ ਅਖੁੱਟ ਊਰਜਾ ਪ੍ਰਣਾਲੀਆਂ, ਸੌਰ ਸਿੰਚਾਈ ਅਤੇ ਗਲੋਬਲ ਸੋਲਰ ਫੈਸੀਲਿਟੀ ਸਮੇਤ ਨਵੀਨਤਾਕਾਰੀ ਵਿੱਤ ਪੋਸ਼ਣ ਪਲੈਟਫਾਰਮਾਂ ਜਿਹੀਆਂ ਪਹਿਲਕਦਮੀਆਂ ਰਾਹੀਂ, ਮੈਂਬਰ ਦੇਸ਼ਾਂ ਨੂੰ ਸੌਰ ਹੱਲ ਤੈਨਾਤ ਕਰਨ ਵਿੱਚ ਮਦਦ ਕਰ ਰਿਹਾ ਹੈ। ਆਈਐੱਸਏ ਦੇ ਕਾਰਜ ਇਸ ਗੱਲ ਦੇ ਪ੍ਰਮਾਣ ਹਨ ਕਿ ਊਰਜਾ ਤਬਦੀਲੀ ਸਮਾਵੇਸ਼ੀ, ਜਨ-ਕੇਂਦ੍ਰਿਤ ਅਤੇ ਪਰਿਵਰਤਨਕਾਰੀ ਹੋ ਸਕਦਾ ਹੈ। ਆਈਐੱਸਏ ਨੇ ਹਾਲ ਹੀ ਵਿੱਚ, ਆਪਣੇ ਮੈਂਬਰ ਦੇਸ਼ਾਂ ਅਤੇ ਸਾਂਝੇਦਾਰਾਂ ਦੀ ਵਧਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਇੱਕ ਵੈੱਬਸਾਈਟ ਵੀ ਲਾਂਚ ਕੀਤੀ ਹੈ।

ਭਾਰਤ ਵਿੱਚ ਸੌਰ ਊਰਜਾ ਦਾ ਵਿਕਾਸ ਇੱਕ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਸੌਰ ਬਜ਼ਾਰ ਵਿੱਚ ਭਾਰਤ ਦੀਆਂ ਉਪਲਬਧੀਆਂ ਲਗਾਤਾਰ ਨੀਤੀਗਤ ਸਮਰਥਨ, ਵਧਦੇ ਨਿਰਮਾਣ, ਮਜ਼ਬੂਤ ਇਨਫ੍ਰਾਸਟ੍ਰਕਚਰ ਅਤੇ ਵਧਦੀ ਜਨ ਭਾਗੀਦਾਰੀ ਨੂੰ ਦਰਸਾਉਂਦੀਆਂ ਹਨ। ਅੰਤਰਰਾਸ਼ਟਰੀ ਪੱਧਰ 'ਤੇ ਕੀਤੀ ਗਈ ਆਈਐੱਸਏ ਪਹਿਲ ਦੇ ਨਾਲ ਹੀ ਭਾਰਤ ਜਿਵੇਂ-ਜਿਵੇਂ ਆਪਣੀ ਪੰਚਾਮ੍ਰਿਤ ਵਚਨਬੱਧਤਾਵਾਂ ਅਤੇ 2070 ਤੱਕ ਸ਼ੁੱਧ-ਜ਼ੀਰੋ ਟੀਚੇ ਦੇ ਵੱਲ ਅੱਗੇ ਵਧ ਰਿਹਾ ਹੈ, ਉਸ ਵਿੱਚ ਸੌਰ ਊਰਜਾ ਇੱਕ ਪ੍ਰਮੁੱਖ ਥੰਮ੍ਹ ਬਣਿਆ ਹੋਇਆ ਹੈ। ਭਾਰਤ ਦੇ ਗੈਰ-ਜੀਵਾਸ਼ਮ ਈਂਧਣ ਵਿੱਚ 2030 ਤੱਕ 500 ਗੀਗਾਵਾਟ ਦੇ ਟੀਚੇ ਦੀ ਪ੍ਰਾਪਤੀ ਵਿੱਚ ਵੀ ਸੌਰ ਊਰਜਾ ਦੀ ਮਜ਼ਬੂਤ ਭਾਗੀਦਾਰੀ ਰਹੇਗੀ।

ਕਾਸ਼ੀ ਦਾ ਨਮੋ ਘਾਟ

ਹਵਾਈ ਸੈਨਾ ਦੀ ਬਹਾਦਰੀ ਦਾ ਪ੍ਰਦਰਸ਼ਨ

ਆਪਣੇ ਸੰਸਦੀ ਖੇਤਰ ਵਾਰਾਣਸੀ ਦੇ ਦੌਰੇ 'ਤੇ 25 ਅਕਤੂਬਰ ਨੂੰ ਨਮੋ ਘਾਟ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹਵਾਈ ਸੈਨਾ ਦਿਵਸ 'ਤੇ ਹਵਾਈ ਪ੍ਰਦਰਸ਼ਨ-2026 ਦੇ ਗਵਾਹ ਬਣੇ। ਨਾਲ ਹੀ, ਉਨ੍ਹਾਂ ਨੇ ਇੱਕ ਨਵੀਂ ਟੈਕਸਟਾਈਲ ਨਿਰਮਾਣ ਸੁਵਿਧਾ ਦਾ ਉਦਘਾਟਨ ਕੀਤਾ ਜਿਸ ਨਾਲ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਰੁਜ਼ਗਾਰ ਦੇ ਮੌਕੇ ਮਿਲਣਗੇ। ਵਾਰਾਣਸੀ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਇੱਕ ਰੋਡ ਸ਼ੋਅ ਵੀ ਹੋਇਆ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਕੀਤਾ ਉਨ੍ਹਾਂ ਦਾ ਸ਼ਾਨਦਾਰ ਸੁਆਗਤ...

ਮਹਿਲਾਵਾਂ ਦੇ ਲਈ ਰੁਜ਼ਗਾਰ ਦੇ ਮੌਕੇ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉੱਤਰ ਪ੍ਰਦੇਸ਼ ਦੇ ਵਾਰਾਣਸੀ ਵਿੱਚ ਇੱਕ ਨਵੀਂ ਟੈਕਸਟਾਈਲ ਨਿਰਮਾਣ ਇਕਾਈ ਦਾ ਉਦਘਾਟਨ ਕੀਤਾ। ਇਹ ਸੁਵਿਧਾ ਭਾਰਤ ਦੇ ਕੱਪੜਾ ਅਤੇ ਟੈਕਸਟਾਈਲ ਨਿਰਮਾਣ ਈਕੋਸਿਸਟਮ ਨੂੰ ਮਜ਼ਬੂਤ ਕਰਨ ਅਤੇ ਖੇਤਰ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹੈ। ਆਧੁਨਿਕ ਨਿਰਮਾਣ ਪ੍ਰਥਾਵਾਂ 'ਤੇ ਧਿਆਨ ਕੇਂਦ੍ਰਿਤ ਕਰਦੇ ਹੋਏ, ਇਹ ਸੁਵਿਧਾ ਖ਼ਾਸ ਤੌਰ 'ਤੇ ਮਹਿਲਾਵਾਂ ਦੇ ਲਈ ਸਾਰਥਕ ਰੁਜ਼ਗਾਰ ਦੇ ਮੌਕੇ ਪੈਦਾ ਕਰੇਗੀ। ਖੇਤਰ ਦੀ ਆਰਥਿਕ ਤਰੱਕੀ ਵਿੱਚ ਯੋਗਦਾਨ ਦੇਵੇਗੀ। ਉਦਘਾਟਨ ਵਿੱਚ ਉਦਯੋਗਿਕ ਨਿਵੇਸ਼ ਅਤੇ ਨਿਰਮਾਣ ਦੀ ਅਗਵਾਈ ਵਾਲੇ ਵਿਕਾਸ ਦੇ ਲਈ ਇੱਕ ਡੈਸਟੀਨੇਸ਼ਨ ਦੇ ਰੂਪ ਵਿੱਚ ਉੱਤਰ ਪ੍ਰਦੇਸ਼ ਦੀ ਵਧਦੀ ਭੂਮਿਕਾ 'ਤੇ ਵੀ ਚਾਨਣਾ ਪਾਇਆ ਗਿਆ। ਇੱਥੇ ਬਣੇ ਕੱਪੜੇ ਦੁਨੀਆ ਭਰ ਦੇ ਬਜ਼ਾਰਾਂ ਤੱਕ ਪਹੁੰਚਣਗੇ। ਮੁੱਖ ਤੌਰ 'ਤੇ ਮਹਿਲਾਵਾਂ ਦੀ ਅਗਵਾਈ ਵਾਲੀ ਪਹਿਲ ਹੋਣ ਦੇ ਨਾਅਤੇ, ਇਹ ਮਹਿਲਾਵਾਂ ਦੀ ਅਗਵਾਈ ਵਾਲੇ ਵਿਕਾਸ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਹੈ। ਇਹ ਪਹਿਲ ਵਾਰਾਣਸੀ ਦੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਦੇ ਨਾਲ ਹੀ ਮਹਿਲਾਵਾਂ ਨੂੰ ਆਤਮਨਿਰਭਰ ਬਣਨ ਅਤੇ ਅੱਗੇ ਵਧਣ ਦੇ ਵੀ ਨਵੇਂ ਮੌਕੇ ਹੀ ਦੇਵੇਗੀ।

ਰਾਫੇਲ-ਮਿਰਾਜ ਨੇ ਦਿਖਾਈ ਬਹਾਦਰੀ

ਪ੍ਰਧਾਨ ਮੰਤਰੀ ਵਾਰਾਣਸੀ ਦੇ ਨਮੋ ਘਾਟ 'ਤੇ ਹਵਾਈ ਸੈਨਾ ਦਿਵਸ 'ਤੇ ਹਵਾਈ ਪ੍ਰਦਰਸ਼ਨ-2026 ਦੇ ਗਵਾਹ ਬਣੇ। ਇਹ ਪ੍ਰੋਗਰਾਮ ਭਾਰਤੀ ਹਵਾਈ ਸੈਨਾ ਦੀ 94ਵੀਂ ਵਰ੍ਹੇਗੰਢ ਦੇ ਮੌਕੇ 'ਤੇ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੀ ਥੀਮ 'ਵਿੰਗਸ ਓਵਰ ਗੰਗੇਜ' ਰੱਖੀ ਗਈ। ਇਸ ਹਵਾਈ ਪ੍ਰਦਰਸ਼ਨ ਵਿੱਚ ਤੇਜਸ, ਲਾਈਟ ਕੌਂਬੈਟ ਹੈਲੀਕੌਪਟਰ (ਐੱਲਸੀਐੱਚ) ਪ੍ਰਚੰਡ, ਐੱਸਯੂ-30 ਐੱਮ ਕੇ ਆਈ ਅਤੇ ਰਾਫੇਲ ਸਮੇਤ ਟ੍ਰਾਂਸਪੋਰਟ ਵਿਭਾਗ ਜਹਾਜ਼ ਵੀ ਸ਼ਾਮਲ ਹੋਏ। ਇਸ ਆਯੋਜਨ ਵਿੱਚ ਭਾਰਤੀ ਹਵਾਈ ਸੈਨਾ ਦੀ ਪ੍ਰਮੁੱਖ ਪ੍ਰਦਰਸ਼ਨ ਟੀਮਾਂ ਵਿੱਚ ਸੂਰਯ ਕਿਰਣ ਐਰੋਬੈਟਿਕ ਟੀਮ ਅਤੇ ਸਾਰੰਗ ਹੈਲੀਕੌਪਟਰ ਨੂੰ ਵੀ ਸ਼ਾਮਲ ਕੀਤਾ ਗਿਆ। ਪ੍ਰਦਰਸ਼ਨ ਵਿੱਚ ਸਟੀਕ ਉਡਾਨ, ਤਾਲਮੇਲ ਅਤੇ ਸੰਚਾਲਨ ਉੱਤਮਤਾ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ Su-30 ਲੜਾਕੂ ਜਹਾਜ਼ ਨੇ ਦੋ ਜਗੁਆਰ ਜਹਾਜ਼ਾਂ ਨੂੰ ਵਿੱਚ ਰੋਕ ਕੇ ਭਾਰਤੀ ਹਵਾਈ ਸੈਨਾ ਦੀ ਯੁੱਧਕ ਰਣਨੀਤੀ ਅਤੇ ਹਵਾਈ ਰੱਖਿਆ ਸਮਰੱਥਾ ਦੀ ਝਲਕ ਦਿਖਾਈ। ਉੱਥੇ, ਤਿੰਨ ਰਾਫੇਲ ਲੜਾਕੂ ਜਹਾਜ਼ਾਂ ਨੇ 'ਨੀਲਕੰਠ ਫੌਰਮੇਸ਼ਨ' ਵਿੱਚ ਇਕੱਠੇ ਉਡਾਨ ਭਰਦੇ ਹੋਏ ਸ਼ਾਨਦਾਰ 'ਥ੍ਰੀ- ਵੇਅ ਸਪਲਿਟ' ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਸਟੀਕ ਹਵਾਈ ਕਰਤੱਵਾਂ ਨੇ ਭਾਰਤੀ ਹਵਾਈ ਸੈਨਾ ਦੇ ਹੁਨਰ ਅਤੇ ਆਪਸੀ ਤਾਲਮੇਲ ਨੂੰ ਦਰਸਾਇਆ। ■



"ਕਾਸ਼ੀ ਵਿੱਚ ਰੋਡ ਸ਼ੋਅ ਦੌਰਾਨ ਆਪਣੇ ਪਰਿਵਾਰਜਨਾਂ ਤੋਂ ਮਿਲੇ ਅਥਾਹ ਪਿਆਰ ਅਤੇ ਅਸ਼ੀਰਵਾਦ ਨੇ ਮਨ ਨੂੰ ਭਰ ਦਿੱਤਾ।

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



PMO India
@PMOIndia


हमारे किसान, हमारे अन्नदाता, विकसित भारत के सबसे मजबूत स्तंभों में से एक है।

और हमारी सरकार ने हमेशा किसानों के कल्याण को, किसानों को सशक्त करने को प्राथमिकता दी है: PM @narendramodi



Rajnath Singh @rajnathsingh ·

सरदार पटेल ने भारत की एकता और अखंडता को आकार दिया, लेकिन लंबे समय तक उनकी गौरवशाली विरासत को वह सम्मान नहीं मिला जिसके वे हकदार थे। प्रधानमंत्री @narendramodi ने स्टैच्यू ऑफ यूनिटी, राष्ट्रीय एकता दिवस और देशव्यापी आयोजनों के माध्यम से उनकी गौरवशाली विरासत को उचित सम्मान और नई पहचान दिलाई, क्योंकि हमारा मानना है कि सरदार पटेल का सम्मान, भारत का सम्मान है।



Amit Shah
@AmitShah

इसी वर्ष 31 मार्च को देश नक्सलमुक्त हो चुका है और अब 31 दिसंबर 2029 तक नशे से पूरी तरह मुक्त होगा। 'विकसित भारत' का पहला चरण नशामुक्त भारत ही है।



Nitin Gadkari
@nitin_gadkari

A PROUD MOMENT FOR INDIA!🇮🇳

Our para-athletes have scripted history at the Asian Para Games, bringing home a record 114 🥇🥈🥉 and showcasing the extraordinary power of courage, perseverance and sporting talent.

Heartiest congratulations to every athlete who made the Tricolour soar high. Under the leadership of Hon'ble PM Shri @narendramodi Ji, India's commitment to nurturing sporting talent is opening new horizons for our athletes to excel on the global stage.💪🔥



Kiren Rijiju @KirenRijiju ·

आज हमने Defence, Space और Nuclear Energy के संबंधों को प्रगाढ़ करने पर सहमति बनाई है। इन सभी Strategic क्षेत्रों में हम पोलैंड की Companies को भारत के साथ Co-Development और Co-Production करने के लिए आमंत्रित करते हैं: माननीय प्रधानमंत्री श्री @narendramodi जी

#IndiaPolandFriendship



Arjun Ram Meghwal @arjunrammeghwal

देश की 560 से अधिक रियासतों का एकीकरण कर अखंड भारत की नींव मजबूत करने वाले सरदार पटेल जी का अदम्य साहस, दूरदर्शिता एवं राष्ट्रसेवा सदैव प्रेरणास्रोत रहेंगे।

भारत की एकता एवं अखंडता के प्रतीक लौह पुरुष सरदार वल्लभभाई पटेल जी की जयंती 'राष्ट्रीय एकता दिवस' की आ
सभी को हार्दिक शुभकामनाएँ।

#SardarPatelJayanti #NationalUnityDay

प्रधानमंत्री ने विपक्ष पर साधा निशाना, कहा- जब देश किसी संकट का सामना करता है तो वह खुशी मनाता है

जीवन के अंतिम क्षण तक जनता की सेवा में ही जुटा रहूंगा : मोदी

संबोधन

भीलवाड़ी (गुजरात), एजेंसी। प्रधानमंत्री नरेंद्र मोदी ने शुक्रवार को कहा कि वह अपनी अंतिम सांस तक देश की जनता की सेवा करते रहेंगे। उनका यह बयान कांग्रेस अध्यक्ष मल्लिकार्जुन खरगे की कथित टिप्पणी के बाद आया है।

प्रधानमंत्री ने विपक्ष पर आरोप लगाया कि जब देश किसी संकट का सामना करता है तो यह खुशी मनाता है और पश्चिम दुनिया में जारी संघर्ष के बीच उर्वरकों तथा रसोई गैस की उपलब्धता को लेकर लोगों में घबराहट फैलाता है। मोदी ने कहा कि किसान, युवा और महिलाएं विकसित भारत के निर्माण की दिशा में काम कर रहे हैं, लेकिन अफसोस है कि कुछ लोगों को देश की प्रगति रास नहीं आ रही है। दरअसल, पीएम मोदी गुजरात में बनासकांठा जिले के पेलेनी में 'भारत कैपेसिटन बिल्डिंग एंड रिसर्च सेंटर' का उद्घाटन करने और 14 हजार करोड़ रुपये की विकास परियोजनाओं का उद्घाटन एवं शिलान्यास करने के बाद एक जनसभा को संबोधित कर रहे थे।

पीएम-किसान की 21वीं किस्त जारी : इस दौरान पीएम ने प्रधानमंत्री किसान सम्मान निधि योजना की 21वीं किस्त भी जारी की। योजना के तहत पात्र किसानों को हर साल 6,000 की आर्थिक सहायता दी जाती है। इस किस्त के तहत 12 करोड़ किसानों के बैंक खातों में 18,000 करोड़ से अधिक की राशि अंतरित की गई।



रोड शो में गूंजा... 'मोदी कहीं नहीं जाएंगे'

कांग्रेस अध्यक्ष मल्लिकार्जुन खरगे द्वारा पीएम मोदी पर की गई विवादित टिप्पणी के बाद से सियासी पारा चढ़ता ही जा रहा है। शुक्रवार को प्रधानमंत्री जब गुजरात के बनासकांठा में रोड शो के लिए निकले, तो सड़क किनारे खड़े लोग 'मोदी कहीं नहीं जाएंगे' लिखी तख्तियां लहराते और नारे लगाते दिखे। दूसरी तरफ यूपी में गृहमंत्री अमित शाह ने भी 2029 में मोदी के फिर प्रधानमंत्री बनने की बात दोहराकर विपक्ष पर पलटवार किया। साथ ही कि खरगे के बयान पर भाजपा ने साफ़ा लेकर चुनावी मंच तक आक्रामक जवाबी रणनीति अपना ली है।

हर मोदी ने कहा कि कुछ से पैदा हुई स्थिति से निपटने को पूरा देश एकजुट है, पर कुछ लोग अफवाहें फैलाकर जनता में घबराहट पैदा कर रहे हैं। मोदी ने आरोप लगाया, उन्होंने किसानों के बीच डर फैलाया कि उर्वरक उपलब्ध नहीं होंगे। उन्होंने कृत्रिम कमी बताई और घबराहट का माहौल पैदा किया।

> किसान, युवा और महिलाएं विकसित भारत के निर्माण की दिशा में काम कर रहे हैं, लेकिन अफसोस है कि कुछ लोगों को देश की प्रगति रास नहीं आ रही है। - नरेंद्र मोदी, प्रधानमंत्री

किसानों पर अतिरिक्त बोझ न पड़े, यह ध्यान रखा

किसानों की संवेदना करते हुए मोदी ने कहा कि यूद्ध के दौरान वैश्विक बाजार में उर्वरकों और उनके निर्माण में इस्तेमाल होने वाले रसायनों की कीमतें में भारी वृद्धि हुई है, लेकिन सरकार ने यह सुनिश्चित किया है कि इसका अतिरिक्त बोझ किसानों पर न पड़े। उन्होंने कहा, दुनियाभर में यूरिया की एक बोरी की कीमत 3,000 रुपये तक है, जबकि भारतीय किसानों को यह 300 रुपये से भी कम में मिलता है। किसानों को यूरिया का एक बोरा महज 300 में उपलब्ध कराने के लिए सरकार ने अतिरिक्त बोझ खुद उठाया है।


सशक्त बनाने को प्राथमिकता दी

मोदी ने कहा बीते कुछ वर्षों में देशभर के किसानों को विभिन्न सरकारी योजनाओं के जरिए 50 लाख करोड़ से अधिक की राशि मिली है या उनकी इतनी बचत हुई है। दीसा में कहा, सरकार ने किसानों के कल्याण और उन्हें सशक्त बनाने को प्राथमिकता दी है। वैश्विक अनिश्चितता के बीच उर्वरकों की बढ़ती कीमतों से किसानों को बचाने के लिए करीब 16 लाख करोड़ रुपये खर्च किए हैं।

केंद्र के कर्मचारियों को दिवाली गिफ्ट, DA बढ़ा

■ NBT रिपोर्ट, नई दिल्ली

पीएम नरेन्द्र मोदी की अध्यक्षता में मंत्रिमंडल ने केंद्र सरकार के कर्मचारियों के लिए महंगाई भत्ते (DA) और पेंशनभोगियों के लिए महंगाई राहत (DR) में 3% बढ़ोतरी की मंजूरी दी। यह बढ़ोतरी एक जुलाई से लागू होगी। इससे मूल वेतन/पेंशन के मौजूदा 60% की दर में 3% की बढ़ोतरी होगी ,ताकि बढ़ती कीमतों की भरपाई की जा सके। सूचना और प्रसारण मंत्री अश्विनी वैष्णव ने मंत्रिमंडल के फैसले की जानकारी देते हुए ये दिवाली का तोहफा बताया।



AI Image


अश्विनी वैष्णव

3% की बढ़ोतरी की गई महंगाई भत्ते में

- 10 हजार करोड़ का भार पड़ेगा सरकार के खजाने पर
- 48.54 लाख कर्मी और 68.71 लाख पेंशनभोगी है

महंगाई भत्ते और महंगाई राहत में इस बढ़ोतरी से सरकारी खजाने पर सालाना 10,016.10 करोड़ रुपये का कुल भार पड़ेगा। इससे केंद्र सरकार के लगभग 48.54 लाख कर्मचारियों और 68.71 लाख पेंशनभोगियों को लाभ मिलेगा। बढ़ोतरी उन केंद्रीय वेतन आयोग की सिफारिशों पर आधारित है। मंगलवार को हुई कैबिनेट मीटिंग में DA बढ़ोतरी पर फैसला हुआ। इस बढ़ोतरी से महंगाई इससे पहले सरकार ने अप्रैल में कर्मचारियों के DA और पेंशनभोगियों के लिए DR में 2 फीसदी का इजाफा किया था।

कंटेनर मैन्युफैक्चरिंग का नया सेंटर

मंत्रिमंडल ने वित्त वर्ष 2039-40 तक के लिए 'कंटेनर मैन्युफैक्चरिंग स्कीम' को मंजूरी दे दी है। 10,000 करोड़ की यह स्कीम भारत को वैश्विक कंटेनर निर्माण का नया केंद्र बनाने की दिशा में अहम पहल है। 13 साल की इस योजना के तहत पूंजी निवेश पर ब्याज सब्सिडी, टैरिफ एवं सर्टिफिकेशन, लैंड लीजिंग और परिचालन खर्च में सहायता दी जाएगी। इससे कंटेनर निर्माण में घरेलू क्षमता विकसित करने और आयात पर निर्भरता कम करने में मदद मिलेगी। कंटेनर निर्माताओं को ब्याज सब्सिडी सहायता के लिए 859 करोड़ रुपये का आवंटन किया गया है।

ग्राम स्वराज योजना को 7,395 करोड़

मंत्रिमंडल ने प्रधानमंत्री विकसित ग्राम स्वराज योजना के लिए 7,395 करोड़ रुपये की मंजूरी दी। वित्तीय वर्ष 2025-26 से 2030-31 तक की इस योजना के तहत पूंजी निवेश पर केंद्रित मॉडल की ओर बड़ा बदलाव बताया। कहा, 'यह एक बड़ा बदलाव है।' इससे 2.55 लाख पंचायतों और पारंपरिक स्थानीय निकायों के लगभग 32 लाख प्रतिनिधियों के साथ पंचायतों को सीधा लाभ मिलेगा।

12 साल में 49.6 करोड़ लोग गरीबी से बाहर आए: PM

■ भाषा, नई दिल्ली/रायपुर: प्रधानमंत्री नरेन्द्र मोदी ने विश्व बैंक की उस रिपोर्ट की सराहना की है, जिसमें कहा गया है कि भारत ने दुनिया में गरीबी में सबसे तेज गिरावट दर्ज करने वाले देशों में से एक के रूप में अपनी पहचान बनाई है। मोदी ने इंस्टाग्राम पर एक पोस्ट साझा की, जिसमें विश्व बैंक का हवाला देते हुए बताया कि 2011 से 2023 के बीच 49.6 करोड़ लोग गरीबी से बाहर आए। इस दौरान अत्यधिक गरीबी की दर में 90 प्रतिशत की गिरावट दर्ज की गई और यह हर चार में से एक से अधिक भारतीय के स्तर से घटकर लगभग 38 में से एक रह गई।


नरेन्द्र मोदी

उन्होंने कहा, 'महज छह वर्षों में रोजगार के अवसरों में 13.4 करोड़ की वृद्धि हुई। असमानता में काफी कमी आई है।' मोदी ने रविवार को छत्तीसगढ़ के 26वें स्थापना दिवस पर कहा कि कभी माओवाद से प्रभावित रहे राज्य के इलाके अब शांति और विकास के केंद्र बन रहे हैं।

एकता दिवस परेड में प्रधानमंत्री मोदी बोले

सरदार पटेल के फैसलों ने देश को एकजुट किया

प्रधानमंत्री मोदी ने एकतानगर को दीं 400 करोड़ रुपए की सौगात

पर्यटन स्थल होंगे विशेष तो आकर्षित होंगे लोग, स्थानीय रोजगार को मिलेगा बढ़ावा

प्रधानमंत्री ने राष्ट्रीय एकता दिवस के अवसर पर गुजरात के केवड़िया में एकता नगर के परेड ग्राउंड में आयोजित समारोह में हिस्सा लिया। इस दौरान राष्ट्रीय एकता दिवस परेड का आयोजन किया गया, जिसमें देश की एकता, विविधता और सामूहिक शक्ति की झलक देखने को मिली। परेड में भारत की समृद्ध सांस्कृतिक विरासत, अनुशासन और राष्ट्रीय गौरव को प्रदर्शित किया गया। पीएम मोदी ने कहा कि सरदार पटेल ने देश की एकता को आकार देने और उसकी रक्षा करने में अहम भूमिका निभाई। एकता ही एक राष्ट्र के रूप

» आईआरसीटीसी होटल, रेलवेस्टेशन व ट्रेनों में ट्रेन संबंधी खाद्य प्रोजेक्ट्स का उद्घाटन किया
» पर्यटकों को मिलेगी बेहतर सुविधा



अंतरराज्यीय परिषद की बैठक में भी होगा लाभ

पीएम मोदी ने कहा कि इन परियोजनाओं से एकतानगर में पर्यटन गतिविधियों बढ़ने की उम्मीद है। होटल और पर्यटन सुविधाओं के संचालन से

लद्दाख को खास विकास मिलेगा

लद्दाख के लेह-कारगिल होने पर ट्रेन से जुड़ने वाले पहले दो शहर पहुंचने में आसानी होगी। लेह से दूरियां घटेंगी तथा लोगों के रोजगार के अवसर बढ़ेंगे। इसके अलावा लद्दाख में ट्रेन से होटल की बुकिंग, टिकट बुकिंग, ट्रेन में खानपान की सुविधा के लिए ई-केटरिंग सेवा इंडियन रेलवे केटरिंग एंड टूरिज्म कॉर्पोरेशन (आईआरसीटीसी) के जरिए उपलब्ध होगी।

रेलवेस्टेशन, ट्रेनों टेल और समेत घर का विकास

प्रधानमंत्री ने बताया कि रेलवेस्टेशन, यूरियों और ट्रेनों टेल में जुड़े प्रोजेक्ट्स का उद्घाटन और शंकु के नेतृत्व में राष्ट्रीय की शुरुआत हुई। इसके तहत रेलवे स्टेशनों को एक नई पहचान देने के लिए स्टेशनों का पुनर्विकास किया जाएगा। इसके तहत रेलवे स्टेशनों को एक नई पहचान देने के लिए स्टेशनों का पुनर्विकास किया जाएगा।

पीएम मोदी ने की 16 हजार करोड़ के प्रोजेक्ट की समीक्षा



नई दिल्ली, (पंजाब केसरी): प्रधानमंत्री नरेन्द्र मोदी ने बुधवार को रेलवे, पीएम एकता मॉल और 'बल्क ड्रग पार्क' से जुड़ी बुनियादी ढांचा परियोजनाओं की समीक्षा की। ये परियोजनाएं 31 राज्यों और केंद्र शासित प्रदेशों में संचालित की जा रही हैं और इनकी लागत 16,000 करोड़ रुपये से अधिक है। अधिकारिक बयान के अनुसार, प्रधानमंत्री ने अपने कार्यालय 'सेवा तीर्थ' में 'प्रगति' की 54वीं बैठक की अध्यक्षता की। 'प्रगति' सूचना प्रौद्योगिकी (आईसीटी)-आधारित एक मल्टी-मॉडल मंच है, जिसका उद्देश्य सक्रिय शासन को बढ़ावा देना और समय पर कार्यान्वयन सुनिश्चित करना है। बयान में कहा गया कि बैठक में आर्थिक विकास और जनकल्याण के लिए महत्वपूर्ण इन परियोजनाओं की समीक्षा की गई, जिसमें समय सीमा, विभिन्न एजेंसियों के बीच समन्वय और समस्याओं के समय पर समाधान पर विशेष ध्यान दिया गया। प्रधानमंत्री ने रेखांकित किया कि 'पीएम एकता मॉल' स्थानीय उत्पादों के लिए बाजार उपलब्ध कराएं, कारीगरों की आजीविका को मजबूत करें और उनके उद्यमों को विस्तार देने में उनकी मदद करें। मोदी ने मॉल को पर्यटन और स्थानीय व्यवसायों से जोड़ने का आह्वान किया। उन्होंने कहा कि इससे मॉल बढ़ेंगे, जिससे ग्रामीण उत्पादन, पैकेजिंग, भंडारण और परिवहन के क्षेत्रों में रोजगार के अवसर पैदा हो सकते हैं। बयान में कहा गया कि मोदी ने मुख्य सचिवों द्वारा नियमित रूप से प्रगति की समीक्षा करने और मॉल का काम समय पर पूरा होना सुनिश्चित करने पर जोर दिया। केंद्रीय बजट 2023-24 में 'पीएम एकता मॉल' स्थापित करने की घोषणा की गई थी। इसका उद्देश्य देश भर के ओडीओपी (एक जिला, एक उत्पाद) उत्पादों, भौगोलिक संकेत (जीआई) वाले उत्पादों और अन्य हस्तशिल्प वस्तुओं को बढ़ावा देना और उनकी बिक्री करना है। एकता मॉल में प्रत्येक राज्य और केंद्र शासित प्रदेश के लिए एक समर्पित स्थान का प्रावधान है, जहां वे अपने ओडीओपी उत्पादों का प्रदर्शन कर सकते हैं। बयान के मुताबिक, प्रधानमंत्री ने आंध्र प्रदेश, गुजरात और हिमाचल प्रदेश में 'बल्क ड्रग पार्कों' की समीक्षा करते हुए आत्मनिर्भरता को मजबूत करने के लिए सक्रिय दवा तत्वों (एपीआई) और दवा बनाने में इस्तेमाल अन्य आवश्यक वस्तुओं के घरेलू स्तर पर उत्पादन को प्राथमिकता देने की आवश्यकता को रेखांकित किया।

ਰਾਸ਼ਟਰੀ ਕੈਡੇਟ ਕੋਰ ਦਿਵਸ (ਐੱਨਸੀਸੀ): 22 ਨਵੰਬਰ

ਨੌਜਵਾਨ ਸ਼ਕਤੀ ਨੂੰ ਸਸ਼ਕਤ ਬਣਾਉਂਦਾ ਐੱਨਸੀਸੀ

ਐੱਨਸੀਸੀ ਇੱਕ ਅਜਿਹਾ ਅੰਦੋਲਨ ਹੈ ਜੋ ਭਾਰਤ ਦੇ ਨੌਜਵਾਨਾਂ ਨੂੰ ਆਤਮਵਿਸ਼ਵਾਸੀ, ਅਨੁਸ਼ਾਸਿਤ, ਸੰਵੇਦਨਸ਼ੀਲ ਅਤੇ ਦੇਸ਼ ਦੇ ਪ੍ਰਤੀ ਸਮਰਪਿਤ ਨਾਗਰਿਕ ਬਣਾਉਂਦਾ ਹੈ। ਦੇਸ਼ ਵਿੱਚ ਐੱਨਸੀਸੀ ਦੇ ਨੈੱਟਵਰਕ ਨੂੰ ਮਜ਼ਬੂਤੀ ਦੇਣ ਦੀ ਕੜੀ ਵਿੱਚ ਬੌਰਡਰ ਕਿਨਾਰੇ ਰਹਿਣ ਵਾਲੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਐੱਨਸੀਸੀ ਨਾਲ ਜੋੜਣ ਦਾ ਅਭਿਆਨ ਚਲਾਇਆ ਜਾ ਰਿਹਾ ਹੈ। ਐੱਨਸੀਸੀ, ਇੱਕ ਅਜਿਹਾ ਸੰਗਠਨ ਹੈ ਜੋ ਭਾਰਤ ਦੀ ਨੌਜਵਾਨ ਸ਼ਕਤੀ ਨੂੰ ਆਤਮਵਿਸ਼ਵਾਸ ਨਾਲ ਭਰਪੂਰ, ਸਮਰੱਥ ਅਤੇ ਸਮਾਜਿਕ ਤੌਰ 'ਤੇ ਵਚਨਬੱਧ ਨਾਗਰਿਕ ਬਣਨ ਦੀ ਭਰਦਾ ਹੈ ਭਾਵਨਾ...

"ਐੱਨਸੀਸੀ ਵਿੱਚ ਸਾਨੂੰ ਸਕੂਲ-ਕਾਲਜ ਦੇ ਦਿਨ ਯਾਦ ਆ ਜਾਂਦੇ ਹਨ। ਮੈਂ ਖੁਦ ਵੀ ਐੱਨਸੀਸੀ ਕੈਡੇਟ ਰਿਹਾ ਹਾਂ। ਇਸ ਤੋਂ ਮਿਲਿਆ ਤਜ਼ਰਬਾ ਮੇਰੇ ਲਈ ਅਨਮੋਲ ਹੈ। 'ਐੱਨਸੀਸੀ' ਨੌਜਵਾਨਾਂ ਵਿੱਚ ਅਨੁਸ਼ਾਸਨ, ਅਗਵਾਈ ਅਤੇ ਸੇਵਾ ਦੀ ਭਾਵਨਾ ਪੈਦਾ ਕਰਦੀ ਹੈ।"

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਐੱਨਸੀਸੀ ਵਿੱਚ ਹਨ 20 ਲੱਖ ਤੋਂ ਵੱਧ ਕੈਡੇਟ

- ਵਰ੍ਹੇ 1948 ਵਿੱਚ 20,000 ਕੈਡੇਟਾਂ ਦੀ ਗਿਣਤੀ ਦੇ ਨਾਲ ਸਥਾਪਿਤ ਐੱਨਸੀਸੀ, ਅੱਜ ਦੁਨੀਆ ਦਾ ਸਭ ਤੋਂ ਵੱਡਾ ਯੂਨੀਫੌਰਮ ਵਾਲਾ ਨੌਜਵਾਨ ਸੰਗਠਨ ਹੈ, ਜਿਸ ਵਿੱਚ 20 ਲੱਖ ਤੋਂ ਵੱਧ ਕੈਡੇਟ ਹਨ।
- ਵਰ੍ਹੇ 2014 ਤੋਂ 2025 ਦਰਮਿਆਨ ਸੰਗਠਨ ਵਿੱਚ 6 ਲੱਖ ਕੈਡੇਟਾਂ ਦਾ ਵਾਧਾ ਹੋਇਆ ਹੈ। ਵਰਤਮਾਨ ਵਿੱਚ ਇਹ ਦੇਸ਼ ਦੇ 750 ਤੋਂ ਵੱਧ ਜ਼ਿਲ੍ਹਿਆਂ ਵਿੱਚ ਮੌਜੂਦ ਹੈ।



ਨਿਊ ਇੰਡੀਆ ਸਮਾਚਾਰ ਪੰਦਰਵਾੜਾ

RNI Registered No. DELPUN/2020/72808, 16- 30 November, 2026
RNI DELPUN/2020/78808, (Publishing Date: 04 November, 2026, Total Pages-46)

EDITOR IN CHIEF:
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of Communication, 2nd Floor, Soochna Bhawan, New Delhi -110003